ਪੇਂਡੂ ਖੁਸ਼ਹਾਲੀ

ਸਵੱਛਤਾ ਹੀ ਸੇਵਾ

ਸਫ਼ਾਈ ਨੂੰ ਸਾਂਝੀ ਜ਼ੁੰਮੇਵਾਰੀ ਬਣਾਉਣਾ

ਸਵੱਛ ਭਾਰਤ ਮਿਸ਼ਨ (ਐੱਸਬੀਐੱਮ), ਜੋ 2014 ਵਿੱਚ ਸ਼ੁਰੂ ਕੀਤਾ ਗਿਆ ਸੀ, ਪਖਾਨਿਆਂ ਦੇ ਨਿਰਮਾਣ ਤੋਂ ਅੱਗੇ ਵਧ ਕੇ ਇੱਕ ਵਿਆਪਕ ਸਵੱਛਤਾ ਅੰਦੋਲਨ ਵਜੋਂ ਵਿਕਸਤ ਹੋਇਆ ਹੈ, ਜਿਸ ਵਿੱਚ ਕੂੜਾ ਪ੍ਰਬੰਧਨ, ਵਿਵਹਾਰ ਵਿੱਚ ਬਦਲਾਅ ਅਤੇ ਨਾਗਰਿਕਾਂ ਦੀ ਭਾਗੀਦਾਰੀ ਸ਼ਾਮਲ ਹੈ। ਸਵੱਛਤਾ ਹੀ ਸੇਵਾ (ਐੱਸਐੱਚਐੱਸ), ਜੋ 2017 ਵਿੱਚ ਸ਼ੁਰੂ ਕੀਤੀ ਗਈ ਸੀ, ਇੱਕ ਸਮਰਪਿਤ ਮੁਹਿੰਮ ਹੈ ਜੋ ਨਾਗਰਿਕਾਂ ਅਤੇ ਸੰਸਥਾਵਾਂ ਨੂੰ ਸਾਂਝੀ ਸਵੱਛਤਾ ਕਾਰਵਾਈ ਕਰਨ ਲਈ ਹਰ ਸਾਲ ਇੱਕ ਮੰਚ ਪ੍ਰਦਾਨ ਕਰਦੀ ਹੈ। ਸਾਲਾਂ ਦੌਰਾਨ, ਐੱਸਐੱਚਐੱਸ ਬਦਲਦੀਆਂ ਸਫ਼ਾਈ ਤਰਜੀਹਾਂ ਦੇ ਨਾਲ ਵਿਕਸਤ ਹੋਈ ਹੈ ਅਤੇ ਪਲਾਸਟਿਕ ਕਚਰਾ ਪ੍ਰਬੰਧਨ, ਦਿੱਖਣਯੋਗ ਸਫ਼ਾਈ ਅਤੇ ਕੂੜਾ-ਮੁਕਤ ਜਨਤਕ ਥਾਵਾਂ 'ਤੇ ਵੱਧ ਧਿਆਨ ਕੇਂਦਰਿਤ ਕੀਤਾ ਗਿਆ ਹੈ। 2023 ਅਤੇ 2024 ਦੇ ਸੰਸਕਰਣਾਂ ਨੇ ਵੱਡੇ ਪੱਧਰ 'ਤੇ ਸ਼੍ਰਮਦਾਨ, ਜਨਤਕ ਥਾਵਾਂ ਵਿੱਚ ਬਦਲਾਅ, ਨੌਜਵਾਨਾਂ ਦੀ ਭਾਗੀਦਾਰੀ, ਸਫ਼ਾਈ ਮਿੱਤਰਾਂ ਦੀ ਭਲਾਈ ਅਤੇ ਭਾਈਚਾਰਕ ਭਾਗੀਦਾਰੀ ਰਾਹੀਂ ਮੁਹਿੰਮ ਦਾ ਹੋਰ ਵਿਸਤਾਰ ਕੀਤਾ। ਐੱਸਐੱਚਐੱਸ 2025 ਨੇ ਸਵੱਛੋਤਸਵ, ਸਾਫ਼ ਜਨਤਕ ਥਾਵਾਂ, ਸਫ਼ਾਈ ਮਿੱਤਰ ਪਹਿਲਕਦਮੀਆਂ ਅਤੇ ਵਾਤਾਵਰਣ-ਅਨੁਕੂਲ ਤਿਉਹਾਰਾਂ ਰਾਹੀਂ ਸਵੱਛਤਾ ਨੂੰ ਭਾਈਚਾਰਕ ਜਸ਼ਨਾਂ ਨਾਲ ਜੋੜਿਆ। ਐੱਸਐੱਚਐੱਸ 2026 ਇਸ ਵਿਕਾਸ ਨੂੰ "ਸਵੱਛਤਾ ਵਿੱਚ ਸਹਿਭਾਗ" ਦੇ ਵਿਸ਼ੇ ਨਾਲ ਅੱਗੇ ਵਧਾਉਂਦੀ ਹੈ, ਜਿਸ ਵਿੱਚ ਸਾਂਝੀ ਮਾਲਕੀ, ਨੌਜਵਾਨਾਂ ਦੀ ਭਾਗੀਦਾਰੀ, ਕੂੜਾ ਪ੍ਰਬੰਧਨ ਦੀਆਂ ਜ਼ੁੰਮੇਵਾਰੀਆਂ ਅਤੇ ਲਗਾਤਾਰ ਸਫ਼ਾਈ ਅਭਿਆਸਾਂ 'ਤੇ ਜ਼ੋਰ ਦਿੱਤਾ ਗਿਆ ਹੈ।

ਸਵੱਛ ਭਾਰਤ ਮਿਸ਼ਨ: ਸਾਫ਼ ਭਾਰਤ ਦਾ ਨਿਰਮਾਣ

ਚਿੱਤਰ 1: ਸਵੱਛ ਭਾਰਤ ਮਿਸ਼ਨ ਦਾ ਲੋਗੋ



ਸਵੱਛ ਭਾਰਤ ਮਿਸ਼ਨ (ਐੱਸਬੀਐੱਮ), ਜੋ 2 ਅਕਤੂਬਰ 2014 ਨੂੰ ਸ਼ੁਰੂ ਕੀਤਾ ਗਿਆ ਸੀ, ਸਰਕਾਰ ਦੀ ਅਗਵਾਈ ਹੇਠ ਚਲਾਏ ਗਏ ਸਭ ਤੋਂ ਵੱਡੇ ਸਵੱਛਤਾ ਅੰਦੋਲਨਾਂ ਵਿੱਚੋਂ ਇੱਕ ਹੈ। ਐੱਸਬੀਐੱਮ ਦਾ ਲੋਗੋ ਮਹਾਤਮਾ ਗਾਂਧੀ ਦੇ ਚਸ਼ਮਿਆਂ ਨੂੰ ਦਰਸਾਉਂਦਾ ਹੈ, ਜਿਨ੍ਹਾਂ ਨੇ ਸਵੱਛਤਾ ਨੂੰ "ਪਵਿੱਤਰਤਾ ਦੇ ਨੇੜੇ ਸਫ਼ਾਈ" ਦੇ ਸਿਧਾਂਤ ਵਜੋਂ ਦੇਖਿਆ ਸੀ। ਇਸ ਲੋਗੋ ਨੇ ਦੁਨੀਆ ਭਰ ਵਿੱਚ ਬ੍ਰਾਂਡ ਦੀ ਪਛਾਣ ਬਣਾਉਣ ਅਤੇ ਸਫ਼ਾਈ ਪ੍ਰਤੀ ਭਾਵਨਾ ਨੂੰ ਦਰਸਾਉਣ ਵਿੱਚ ਮਦਦ ਕੀਤੀ। ਇਸ ਨੇ ਲੋਕਾਂ ਨੂੰ ਐੱਸਬੀਐੱਮ ਨਾਲ ਆਸਾਨੀ ਅਤੇ ਤੇਜ਼ੀ ਨਾਲ ਜੋੜਨ ਵਿੱਚ ਵੀ ਮਦਦ ਕੀਤੀ।

ਮਿਸ਼ਨ ਦੇ ਦੋ ਹਿੱਸੇ ਹਨ: ਸਵੱਛ ਭਾਰਤ ਮਿਸ਼ਨ-ਗ੍ਰਾਮੀਣ (ਐੱਸਬੀਐੱਮ-ਜੀ) ਅਤੇ ਸਵੱਛ ਭਾਰਤ ਮਿਸ਼ਨ-ਸ਼ਹਿਰੀ (ਐੱਸਬੀਐੱਮ-ਯੂ)। ਐੱਸਬੀਐੱਮ-ਜੀ ਪੇਂਡੂ ਸਵੱਛਤਾ, ਪਖਾਨਿਆਂ ਤੱਕ ਪਹੁੰਚ ਅਤੇ ਉਨ੍ਹਾਂ ਦੀ ਵਰਤੋਂ, ਅਤੇ ਠੋਸ ਤੇ ਤਰਲ ਕਚਰਾ ਪ੍ਰਬੰਧਨ 'ਤੇ ਧਿਆਨ ਕੇਂਦਰਿਤ ਕਰਦਾ ਹੈ। ਐੱਸਬੀਐੱਮ-ਯੂ ਸ਼ਹਿਰੀ ਸਵੱਛਤਾ, ਕੂੜਾ ਪ੍ਰਬੰਧਨ, ਜਨਤਕ ਥਾਵਾਂ ਅਤੇ ਸਫ਼ਾਈ ਦੇ ਬੁਨਿਆਦੀ ਢਾਂਚੇ 'ਤੇ ਕੇਂਦਰਿਤ ਹੈ।

ਇਸ ਮਿਸ਼ਨ ਦਾ ਪ੍ਰਭਾਵ ਹੁਣ ਭਾਰਤ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਦਿਖਾਈ ਦੇ ਰਿਹਾ ਹੈ। 2019 ਵਿੱਚ ਪੇਂਡੂ ਭਾਰਤ ਨੂੰ ਖੁੱਲ੍ਹੇ ਵਿੱਚ ਸ਼ੌਚ ਮੁਕਤ (ਓਡੀਐੱਫ) ਐਲਾਨਿਆ ਗਿਆ ਸੀ। ਇਸ ਤੋਂ ਇਲਾਵਾ, 17 ਸਤੰਬਰ 2026 ਤੱਕ ਭਾਰਤ ਵਿੱਚ 5.69 ਲੱਖ ਤੋਂ ਵੱਧ ਓਡੀਐੱਫ ਪਲੱਸ ਪਿੰਡ ਹਨ ਅਤੇ 5.25 ਲੱਖ ਤੋਂ ਵੱਧ ਪਿੰਡਾਂ ਨੇ ਓਡੀਐੱਫ ਪਲੱਸ ਮਾਡਲ ਦਾ ਦਰਜਾ ਹਾਸਲ ਕੀਤਾ ਹੈ। 5.38 ਲੱਖ ਤੋਂ ਵੱਧ ਪਿੰਡਾਂ

ਵਿੱਚ ਠੋਸ ਕਚਰਾ ਪ੍ਰਬੰਧਨ ਦੀ ਵਿਵਸਥਾ ਸਥਾਪਿਤ ਕੀਤੀ ਗਈ ਹੈ ਅਤੇ 5.65 ਲੱਖ ਤੋਂ ਵੱਧ ਪਿੰਡਾਂ ਵਿੱਚ ਤਰਲ ਕਚਰਾ ਪ੍ਰਬੰਧਨ ਪ੍ਰਣਾਲੀਆਂ ਸਥਾਪਿਤ ਕੀਤੀਆਂ ਗਈਆਂ ਹਨ। ਕੁੱਲ 1,314 ਗੋਬਰਧਨ ਬਾਇਓਗੈਸ ਪਲਾਂਟ 585 ਜ਼ਿਲ੍ਹਿਆਂ ਵਿੱਚ ਇਸ ਸਮੇਂ ਚਾਲੂ ਹਨ। ਪਿੰਡ ਪੱਧਰ 'ਤੇ ਘਰਾਂ ਵਿੱਚ 12.22 ਕਰੋੜ ਨਿੱਜੀ ਪਖਾਨੇ ਅਤੇ 98,273 ਬਾਇਓਗੈਸ ਪਲਾਂਟ ਬਣਾਏ ਗਏ ਹਨ।



ਓਡੀਐੱਫ ਪਲੱਸ ਅਤੇ ਓਡੀਐੱਫ ਪਲੱਸ ਮਾਡਲ ਪਿੰਡ

ਓਡੀਐੱਫ ਪਲੱਸ ਪਿੰਡ ਨਾ ਸਿਰਫ਼ ਓਡੀਐੱਫ ਦਾ ਦਰਜਾ ਕਾਇਮ ਰੱਖਦਾ ਹੈ, ਸਗੋਂ ਠੋਸ ਅਤੇ ਤਰਲ ਕਚਰੇ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਵੀ ਕਰਦਾ ਹੈ ਅਤੇ ਦਿੱਖਣਯੋਗ ਸਫ਼ਾਈ ਨੂੰ ਵੀ ਕਾਇਮ ਰੱਖਦਾ ਹੈ। ਓਡੀਐੱਫ ਪਲੱਸ ਪਿੰਡ ਦਾ ਦਰਜਾ ਕਾਇਮ ਰੱਖਣ ਦੇ ਨਾਲ-ਨਾਲ ਇਨ੍ਹਾਂ ਪਿੰਡਾਂ ਨੂੰ ਤਿੰਨ ਤਰੱਕੀਸ਼ੀਲ ਪੜਾਵਾਂ ਵਿੱਚ ਵੰਡਿਆ ਗਿਆ ਹੈ: ਐਸਪਾਇਰਿੰਗ, ਰਾਈਜ਼ਿੰਗ ਅਤੇ ਮਾਡਲ। ਐਸਪਾਇਰਿੰਗ ਪਿੰਡ ਠੋਸ ਜਾਂ ਤਰਲ ਕਚਰੇ ਵਿੱਚੋਂ ਕਿਸੇ ਇੱਕ ਦਾ ਪ੍ਰਬੰਧਨ ਕਰਦੇ ਹਨ। ਰਾਈਜ਼ਿੰਗ ਪਿੰਡ ਠੋਸ ਅਤੇ ਤਰਲ ਦੋਵਾਂ ਤਰ੍ਹਾਂ ਦੇ ਕਚਰੇ ਦਾ ਪ੍ਰਬੰਧਨ ਕਰਦੇ ਹਨ। ਮਾਡਲ ਪਿੰਡ ਦੋਵਾਂ ਤਰ੍ਹਾਂ ਦੇ ਕਚਰੇ ਦੇ ਪ੍ਰਬੰਧਨ ਦੇ ਨਾਲ ਦਿੱਖਣਯੋਗ ਸਫ਼ਾਈ ਅਤੇ ਓਡੀਐੱਫ ਪਲੱਸ ਸੁਨੇਹਿਆਂ ਦਾ ਪ੍ਰਦਰਸ਼ਨ ਵੀ ਕਰਦੇ ਹਨ।



ਸ਼ਹਿਰੀ ਖੇਤਰਾਂ ਵਿੱਚ 95,478 ਵਾਰਡਾਂ ਵਿੱਚ ਘਰ-ਘਰ ਤੋਂ ਠੋਸ ਕਚਰਾ ਇਕੱਠਾ ਕਰਨ ਦੀ 100% ਵਿਵਸਥਾ ਹੈ ਅਤੇ 83,963 ਵਾਰਡਾਂ ਵਿੱਚ ਸਰੋਤ ਪੱਧਰ 'ਤੇ ਠੋਸ ਕਚਰੇ ਦੀ 100% ਛਾਂਟੀ ਕੀਤੀ ਜਾ ਰਹੀ ਹੈ। ਭਾਰਤ ਵਿੱਚ 3,254 ਠੋਸ ਕਚਰੇ ਤੋਂ ਖਾਦ ਬਣਾਉਣ ਵਾਲੇ ਪਲਾਂਟ ਹਨ, ਜੋ ਹਰ ਰੋਜ਼ 1.39 ਲੱਖ ਟਨ ਕਚਰੇ ਨੂੰ ਪ੍ਰੋਸੈੱਸ ਕਰਦੇ ਹਨ ਅਤੇ 60 ਠੋਸ ਕਚਰੇ ਤੋਂ ਊਰਜਾ ਬਣਾਉਣ ਵਾਲੇ ਪਲਾਂਟ ਹਰ ਰੋਜ਼ 25,759.50 ਟਨ ਕਚਰੇ ਨੂੰ ਪ੍ਰੋਸੈੱਸ ਕਰਦੇ ਹਨ। ਇਸ ਤੋਂ ਇਲਾਵਾ, 1,112 ਸੀਵਰੇਜ ਟ੍ਰੀਟਮੈਂਟ ਪਲਾਂਟ 41,020.63 ਮਿਲੀਲੀਟਰ ਪਾਣੀ ਨੂੰ ਪ੍ਰੋਸੈੱਸ ਕਰ ਰਹੇ ਹਨ ਅਤੇ 1,131 ਫੀਕਲ ਸਲੱਜ ਟ੍ਰੀਟਮੈਂਟ ਪਲਾਂਟ ਹਰ ਰੋਜ਼ 95,371 ਕਿਲੋਲੀਟਰ ਤਰਲ ਕਚਰੇ ਨੂੰ ਪ੍ਰੋਸੈੱਸ ਕਰ ਰਹੇ ਹਨ। ਸ਼ਹਿਰੀ ਖੇਤਰਾਂ ਵਿੱਚ 68,339 ਜਨਤਕ ਸਵੱਛਤਾ ਸਹੂਲਤਾਂ ਹਨ, ਜਿਨ੍ਹਾਂ ਵਿੱਚ 37,766 ਜਨਤਕ ਪਖਾਨੇ, 25,512 ਭਾਈਚਾਰਕ ਪਖਾਨੇ ਅਤੇ 5,061 ਪਿਸ਼ਾਬਘਰ ਸ਼ਾਮਲ ਹਨ।

ਸਵੱਛਤਾ ਦੇ ਬੁਨਿਆਦੀ ਢਾਂਚੇ ਦੇ ਵਿਸਤਾਰ ਨੇ ਸਿਹਤ ਸਬੰਧੀ ਮਾਪਣਯੋਗ ਸੁਧਾਰਾਂ ਵਿੱਚ ਯੋਗਦਾਨ ਪਾਇਆ ਹੈ। ਡਬਲਿਊਐੱਚਓ ਦੇ ਇੱਕ ਅਧਿਐਨ ਅਨੁਸਾਰ 2019 ਵਿੱਚ 2014 ਦੇ ਮੁਕਾਬਲੇ ਦਸਤ ਕਾਰਨ ਹੋਣ ਵਾਲੀਆਂ ਲਗਭਗ 3 ਲੱਖ ਮੌਤਾਂ ਨੂੰ ਰੋਕਿਆ ਗਿਆ। ਓਡੀਐੱਫ ਖੇਤਰਾਂ ਵਿੱਚ ਭੂ-ਜਲ ਪ੍ਰਦੂਸ਼ਣ ਦੇ ਪੱਧਰ ਵਿੱਚ ਵੀ ਮਹੱਤਵਪੂਰਨ ਕਮੀ ਦਰਜ ਕੀਤੀ ਗਈ।

ਇਸ ਤਰ੍ਹਾਂ, ਐੱਸਬੀਐੱਮ ਸਿਰਫ਼ ਪਖਾਨਿਆਂ ਦੇ ਨਿਰਮਾਣ ਤੋਂ ਅੱਗੇ ਵਧ ਕੇ ਵਿਆਪਕ ਟਿਕਾਊ ਸਵੱਛਤਾ ਪ੍ਰਣਾਲੀਆਂ ਵੱਲ ਵਿਕਸਤ ਹੋਇਆ ਹੈ। ਵਿਵਹਾਰ ਵਿੱਚ ਬਦਲਾਅ, ਕਚਰਾ ਪ੍ਰਬੰਧਨ ਅਤੇ ਨਾਗਰਿਕਾਂ ਦੀ ਭਾਗੀਦਾਰੀ ਹੁਣ ਇਸ ਬਦਲਾਅ ਦੇ ਮਹੱਤਵਪੂਰਨ ਹਿੱਸੇ ਹਨ। ਇੰਨੇ ਵੱਡੇ ਪੱਧਰ 'ਤੇ ਵਿਵਹਾਰ ਵਿੱਚ ਬਦਲਾਅ ਕਈ ਰਾਸ਼ਟਰੀ ਪੱਧਰ ਦੀਆਂ ਮੁਹਿੰਮਾਂ ਰਾਹੀਂ ਸੰਭਵ ਹੋਇਆ ਹੈ, ਜਿਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ 'ਸਵੱਛਤਾ ਹੀ ਸੇਵਾ' ਮੁਹਿੰਮ ਹੈ।

ਸਵੱਛਤਾ ਹੀ ਸੇਵਾ: ਸਫ਼ਾਈ ਨੂੰ ਲੋਕ ਅੰਦੋਲਨ ਬਣਾਉਣਾ

ਚਿੱਤਰ 2: ਐੱਸਐੱਚਐੱਸ ਮੁਹਿੰਮ ਦਾ ਲੋਗੋ



ਸਵੱਛਤਾ ਹੀ ਸੇਵਾ (ਐੱਸਐੱਚਐੱਸ) ਮੁਹਿੰਮ ਹਰ ਸਾਲ 2017 ਤੋਂ ਮਨਾਈ ਜਾ ਰਹੀ ਹੈ। ਇਹ ਮੁਹਿੰਮ ਹਰ ਸਾਲ 2 ਅਕਤੂਬਰ ਨੂੰ ਆਯੋਜਿਤ ਕੀਤੇ ਜਾਣ ਵਾਲੇ ਸਵੱਛ ਭਾਰਤ ਦਿਵਸ ਤੋਂ ਪਹਿਲਾਂ ਚਲਾਈ ਜਾਂਦੀ ਹੈ। ਇਹ ਨਾਗਰਿਕਾਂ ਨੂੰ ਸਵੈ-ਇੱਛਤ ਕਾਰਵਾਈ ਅਤੇ ਸਵੱਛਤਾ ਦੀ ਸਾਂਝੀ ਮਾਲਕੀ ਵੱਲ ਪ੍ਰੇਰਿਤ ਕਰਦੀ ਹੈ। ਇਹ ਮੁਹਿੰਮ ਐੱਸਬੀਐੱਮ ਦੀ ਵਿਆਪਕ ਲੋਕ ਭਾਗੀਦਾਰੀ ਪਹੁੰਚ ਵਿੱਚੋਂ ਉਭਰੀ ਹੈ। ਇਹ ਨਾਗਰਿਕਾਂ, ਸੰਸਥਾਵਾਂ ਅਤੇ ਸਰਕਾਰਾਂ ਨੂੰ ਸਾਂਝੀ ਸਫ਼ਾਈ ਕਾਰਵਾਈ ਲਈ ਇੱਕ ਸਮਰਪਿਤ ਮਿਆਦ ਪ੍ਰਦਾਨ ਕਰਦੀ ਹੈ। ਹਾਲ ਹੀ ਵਿੱਚ ਐੱਸਐੱਚਐੱਸ 2026 ਦੀ ਸ਼ੁਰੂਆਤ 17 ਸਤੰਬਰ 2026 ਨੂੰ ਕੀਤੀ ਗਈ।

ਸਵੱਛਤਾ ਹੀ ਸੇਵਾ 2026: ਸਵੱਛਤਾ ਵਿੱਚ ਸਹਿਭਾਗ



ਚਿੱਤਰ 3: ਵਿਦਿਆਰਥੀਆਂ ਨੂੰ ਐੱਸਡਬਲਿਊਐੱਮ ਨਿਯਮ 2026 ਬਾਰੇ ਜਾਗਰੂਕ ਕਰਦੇ ਹੋਏ

ਸਾਲ 2026 ਦੀ ਐੱਸਐੱਚਐੱਸ ਮੁਹਿੰਮ ਸਤੰਬਰ ਤੋਂ 2 ਅਕਤੂਬਰ ਤੱਕ ਚੱਲ ਰਹੀ ਹੈ। ਇਸ ਦਾ ਵਿਸ਼ਾ ਹੈ "ਸਵੱਛਤਾ ਵਿੱਚ ਸਹਿਭਾਗ; ਸਵੱਛ ਭਾਰਤ, ਵਿਕਸਿਤ ਭਾਰਤ।" ਇਹ ਮੁਹਿੰਮ 'ਸੰਪੂਰਨ ਸਰਕਾਰ' ਅਤੇ 'ਸੰਪੂਰਨ ਸਮਾਜ' ਦੀ ਪਹੁੰਚ 'ਤੇ ਆਧਾਰਿਤ ਹੈ। ਇਸ ਵਿੱਚ ਨੌਜਵਾਨਾਂ, ਹਿੱਸੇਦਾਰਾਂ ਦੀਆਂ ਜ਼ੁੰਮੇਵਾਰੀਆਂ ਅਤੇ ਸਾਂਝੀ ਮਾਲਕੀ 'ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਇਹ ਮੁਹਿੰਮ ਠੋਸ ਕਚਰਾ ਪ੍ਰਬੰਧਨ ਨਿਯਮ, 2026 ਬਾਰੇ ਵੀ ਜਾਗਰੂਕਤਾ ਪੈਦਾ ਕਰ ਰਹੀ ਹੈ। ਇਸ ਦਾ ਮੰਤਵ ਵੱਖ-ਵੱਖ ਹਿੱਸੇਦਾਰਾਂ ਦੀਆਂ ਜ਼ੁੰਮੇਵਾਰੀਆਂ ਬਾਰੇ ਸਮਝ ਨੂੰ ਮਜ਼ਬੂਤ ਕਰਨਾ ਹੈ। ਐੱਸਐੱਚਐੱਸ 2026 ਦੇ ਹਿੱਸੇ ਵਜੋਂ ਸਥਾਨਕ ਸੰਸਥਾਵਾਂ, ਸਰਕਾਰੀ ਸੰਸਥਾਵਾਂ ਅਤੇ ਲੋਕਾਂ ਵੱਲੋਂ ਹੇਠ ਲਿਖੇ ਪੰਜ ਮੁੱਖ ਗਤੀਵਿਧੀ ਥੰਮ੍ਹ ਲਾਗੂ ਕੀਤੇ ਜਾ ਰਹੇ ਹਨ:

1. ਸਫ਼ਾਈ ਟਾਰਗੇਟ ਯੂਨਿਟਾਂ (ਸੀਟੀਯੂਜ਼) ਅਤੇ ਸਾਫ਼ ਜਨਤਕ ਥਾਵਾਂ ਵਿੱਚ ਬਦਲਾਅ



ਮੁਹਿੰਮ ਦਾ ਨਿਸ਼ਾਨਾ ਅਣਗੌਲੇ ਕੂੜੇ ਵਾਲੇ ਸਥਾਨਾਂ ਅਤੇ ਉਨ੍ਹਾਂ ਥਾਵਾਂ 'ਤੇ ਹੈ ਜਿੱਥੇ ਸਫ਼ਾਈ ਕਰਨਾ ਮੁਸ਼ਕਲ ਹੁੰਦਾ ਹੈ। ਇਨ੍ਹਾਂ ਥਾਵਾਂ 'ਤੇ ਕੂੜਾ ਹਟਾਉਣ, ਸੁੰਦਰੀਕਰਨ ਅਤੇ ਲਗਾਤਾਰ ਰੱਖ-ਰਖਾਅ ਦਾ ਕੰਮ ਕੀਤਾ ਜਾਵੇਗਾ। ਸਵੱਛਤਾ ਅਤੇ ਕੂੜੇ ਨਾਲ ਸਬੰਧਤ ਸ਼ਿਕਾਇਤਾਂ ਦਰਜ ਕਰਨ ਲਈ ਸਵੱਛਤਾ ਐਪ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ ਚਿੰਨ੍ਹਿਤ ਥਾਵਾਂ ਨੂੰ ਐੱਸਐੱਚਐੱਸ2026 ਪੋਰਟਲ 'ਤੇ ਮੈਪ ਕੀਤਾ ਜਾ ਸਕਦਾ ਹੈ। ਮੁਹਿੰਮ ਵਿੱਚ ਬਾਜ਼ਾਰਾਂ, ਸਕੂਲਾਂ, ਹਸਪਤਾਲਾਂ, ਆਵਾਜਾਈ ਕੇਂਦਰਾਂ, ਪਾਰਕਾਂ ਅਤੇ ਜਲ ਸਰੋਤਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਜਨਤਕ ਅਤੇ ਭਾਈਚਾਰਕ ਪਖਾਨਿਆਂ ਦਾ ਮੁਲਾਂਕਣ ਐੱਫਏਸੀਈਐੱਸ (ਕਾਰਜਸ਼ੀਲ, ਪਹੁੰਚਯੋਗ, ਸਾਫ਼, ਵਾਤਾਵਰਣ-ਅਨੁਕੂਲ ਅਤੇ ਸੁਰੱਖਿਅਤ) ਮਾਪਦੰਡਾਂ ਦੀ ਵਰਤੋਂ ਕਰਕੇ ਕੀਤਾ ਜਾਵੇਗਾ।

2. ਸਵੱਛ ਪਾਠਸ਼ਾਲਾ – ਸਵੱਛਤਾ ਲਈ ਯੁਵਾ

ਐੱਸਐੱਚਐੱਸ 2026 ਵਿੱਚ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਵਿਸ਼ੇਸ਼ ਭੂਮਿਕਾ ਹੈ। ਧਿਆਨ ਲਗਾਤਾਰ ਵਿਵਹਾਰ ਵਿੱਚ ਬਦਲਾਅ 'ਤੇ ਹੈ। ਕਲਾਸ 6 ਤੋਂ 12 ਤੱਕ ਦੇ ਵਿਦਿਆਰਥੀ ਸਵੱਛਤਾ ਗਿਆਨ ਯਾਤਰਾਵਾਂ ਵਿੱਚ ਹਿੱਸਾ ਲੈਣਗੇ। ਇਨ੍ਹਾਂ ਦੌਰਿਆਂ ਰਾਹੀਂ ਵਿਦਿਆਰਥੀਆਂ ਨੂੰ ਕਚਰਾ ਪ੍ਰਬੰਧਨ ਅਤੇ ਸਵੱਛਤਾ ਸਹੂਲਤਾਂ ਬਾਰੇ ਜਾਣਕਾਰੀ ਮਿਲੇਗੀ। ਸਕੂਲਾਂ ਨੂੰ ਸਵੱਛਤਾ ਅਤੇ ਪਾਣੀ ਦੀ ਸੰਭਾਲ ਬਾਰੇ ਵਿਚਾਰ-ਵਟਾਂਦਰੇ ਕਰਵਾਉਣ ਲਈ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰ-ਵਟਾਂਦਰਿਆਂ ਵਿੱਚ ਸਫ਼ਾਈ, ਹੱਥ ਧੋਣਾ, ਮਾਹਵਾਰੀ ਸਫ਼ਾਈ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਵਰਗੇ ਵਿਸ਼ੇ ਸ਼ਾਮਲ ਕੀਤੇ ਜਾ ਸਕਦੇ ਹਨ।

3. ਸਫ਼ਾਈ ਮਿੱਤਰ ਸੁਰੱਖਿਆ ਸੇਵਾ ਅਤੇ ਸਨਮਾਨ ਕੈਂਪ

ਮੁਹਿੰਮ ਸਵੱਛਤਾ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਆਪਣਾ ਧਿਆਨ ਜਾਰੀ ਰੱਖਦੀ ਹੈ। ਕੈਂਪਾਂ ਵਿੱਚ ਸਿਹਤ ਸੇਵਾਵਾਂ, ਸੁਰੱਖਿਆ ਉਪਕਰਨ ਅਤੇ ਭਲਾਈ ਨਾਲ ਜੁੜੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

4. ਸਵੱਛਤਾ ਲਈ ਲੋਕ ਭਾਗੀਦਾਰੀ

ਲੋਕ ਭਾਗੀਦਾਰੀ ਐੱਸਐੱਚਐੱਸ 2026 ਦਾ ਕੇਂਦਰੀ ਹਿੱਸਾ ਹੈ। ਨਾਗਰਿਕਾਂ ਅਤੇ ਸੰਸਥਾਵਾਂ ਨੂੰ ਰੋਜ਼ਾਨਾ ਸਫ਼ਾਈ ਦੀ ਜ਼ੁੰਮੇਵਾਰੀ ਆਪਣੇ ਹੱਥ ਵਿੱਚ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਯੋਜਨਾਬੱਧ ਗਤੀਵਿਧੀਆਂ ਵਿੱਚ ਠੋਸ ਕਚਰਾ ਪ੍ਰਬੰਧਨ (ਐੱਸਡਬਲਿਊਐੱਮ) ਨਿਯਮ, 2026 ਬਾਰੇ ਜਾਗਰੂਕਤਾ, ਸਰੋਤ ਪੱਧਰ 'ਤੇ ਚਾਰ-ਪੱਖੀ ਕਚਰਾ ਛਾਂਟੀ ਦੇ ਪ੍ਰਦਰਸ਼ਨ, ਘਰ ਵਿੱਚ ਖਾਦ ਬਣਾਉਣ ਬਾਰੇ ਜਾਗਰੂਕਤਾ, ਕੂੜਾ ਸੁੱਟਣ ਅਤੇ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ ਵਿਰੁੱਧ ਮੁਹਿੰਮਾਂ, ਸਵੱਛਤਾ ਰੈਲੀਆਂ ਅਤੇ ਮਨੁੱਖੀ ਲੜੀਆਂ, ਜਨਤਕ ਸਵੱਛਤਾ ਸਹੂੰ ਅਤੇ ਮੁੜ ਵਰਤੋਂ ਯੋਗ ਘਰੇਲੂ ਵਸਤੂਆਂ ਇਕੱਠੀਆਂ ਕਰਨ ਦੀਆਂ ਮੁਹਿੰਮਾਂ ਸ਼ਾਮਲ ਹਨ।



ਚਿੱਤਰ 4: ਵਾਤਾਵਰਣ-ਅਨੁਕੂਲ ਤਿਉਹਾਰਾਂ ਦੀ ਯੋਜਨਾ

ਮੁਹਿੰਮ ਸਵੱਛ ਪਰਵ, ਹਰਿਤ ਪਰਵ ਨੂੰ ਵੀ ਉਤਸ਼ਾਹਿਤ ਕਰਦੀ ਹੈ। ਮੁਹਿੰਮ ਦੀ ਮਿਆਦ ਦੌਰਾਨ ਆਉਣ ਵਾਲੇ ਤਿਉਹਾਰਾਂ ਵਿੱਚ ਵਾਤਾਵਰਣ-ਅਨੁਕੂਲ ਅਤੇ ਪਲਾਸਟਿਕ-ਮੁਕਤ ਤਰੀਕੇ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

5. ਸਵੱਛਤਾ ਸੇ ਸਮ੍ਰਿੱਧੀ

ਮੁਹਿੰਮ ਸਫ਼ਾਈ ਨੂੰ ਸਰੋਤਾਂ ਦੀ ਮੁੜ ਪ੍ਰਾਪਤੀ ਅਤੇ ਚੱਕਰੀ ਅਰਥਵਿਵਸਥਾ ਨਾਲ ਜੋੜਦੀ ਹੈ। ਇਹ ਘਟਾਓ, ਮੁੜ ਵਰਤੋਂ ਅਤੇ ਮੁੜ-ਚੱਕਰੀਕਰਨ ਦੇ ਤਰੀਕਿਆਂ ਨੂੰ ਉਤਸ਼ਾਹਿਤ ਕਰਦੀ ਹੈ। ਕਬਾੜ ਸੇ ਜੁਗਾੜ ਰਾਹੀਂ ਬੇਕਾਰ ਪਈਆਂ ਵਸਤੂਆਂ ਤੋਂ ਉਪਯੋਗੀ ਉਤਪਾਦ ਬਣਾਉਣ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਕਬਾੜ ਸੇ ਕਲਾ ਰਾਹੀਂ ਕਚਰੇ ਤੋਂ ਕਲਾਤਮਕ ਰਚਨਾਵਾਂ ਬਣਾਉਣ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਇਹ ਪਹਿਲਕਦਮੀਆਂ ਕਚਰਾ ਪ੍ਰਬੰਧਨ ਨੂੰ ਰਚਨਾਤਮਕਤਾ ਅਤੇ ਸਰੋਤਾਂ ਦੀ ਮੁੜ ਪ੍ਰਾਪਤੀ ਨਾਲ ਜੋੜਦੀਆਂ ਹਨ।

ਇਸ ਤੋਂ ਇਲਾਵਾ, 1 ਅਕਤੂਬਰ 2026 ਨੂੰ ਏਕ ਦਿਨ, ਏਕ ਘੰਟਾ, ਏਕ ਸਾਥ ਤਹਿਤ ਇੱਕੋ ਸਮੇਂ ਸਫ਼ਾਈ ਗਤੀਵਿਧੀਆਂ ਕੀਤੀਆਂ ਜਾਣਗੀਆਂ। ਨਾਗਰਿਕਾਂ, ਨੌਜਵਾਨ ਸਮੂਹਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਸੰਸਥਾਵਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ

ਉਤਸ਼ਾਹਿਤ ਕੀਤਾ ਜਾਂਦਾ ਹੈ। 2 ਅਕਤੂਬਰ ਨੂੰ ਵਿਸ਼ੇਸ਼ ਗ੍ਰਾਮ ਸਭਾਵਾਂ ਵਿੱਚ ਐੱਸਐੱਚਐੱਸ ਗਤੀਵਿਧੀਆਂ ਅਤੇ ਐੱਸਡਬਲਿਊਐੱਮ ਨਿਯਮ, 2026 ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਸ਼ਹਿਰੀ ਸਥਾਨਕ ਸੰਸਥਾਵਾਂ ਵੀ ਵਿਸ਼ੇਸ਼ ਕੈਂਸਲ ਮੀਟਿੰਗਾਂ ਦਾ ਆਯੋਜਨ ਕਰਨਗੀਆਂ। ਇਸ ਤਰ੍ਹਾਂ, ਐੱਸਐੱਚਐੱਸ 2026 ਸਫ਼ਾਈ, ਵਿਵਹਾਰ ਵਿੱਚ ਬਦਲਾਅ, ਨੌਜਵਾਨਾਂ ਦੀ ਭਾਗੀਦਾਰੀ ਅਤੇ ਕਚਰਾ ਪ੍ਰਬੰਧਨ ਨੂੰ ਇਕੱਠਾ ਕਰਦੀ ਹੈ। ਇਹ ਸਵੱਛਤਾ ਕਰਮਚਾਰੀਆਂ ਅਤੇ ਜਨਤਕ ਸਵੱਛਤਾ ਦੇ ਬੁਨਿਆਦੀ ਢਾਂਚੇ ਵੱਲ ਧਿਆਨ ਵੀ ਹੋਰ ਮਜ਼ਬੂਤ ਕਰਦੀ ਹੈ। ਇਹ ਪਹੁੰਚ ਸਵੱਛਤਾ ਨੂੰ ਸਿਰਫ਼ ਇੱਕ ਗਤੀਵਿਧੀ ਤੋਂ ਅੱਗੇ ਵਧਾ ਕੇ ਸਾਂਝੀ ਆਦਤ ਅਤੇ ਜ਼ੁੰਮੇਵਾਰੀ ਬਣਾਉਣ ਵੱਲ ਵਿਆਪਕ ਬਦਲਾਅ ਨੂੰ ਦਰਸਾਉਂਦੀ ਹੈ।

2026 ਦੀ ਮੁਹਿੰਮ ਨੂੰ ਸਹੀ ਸੰਦਰਭ ਵਿੱਚ ਸਮਝਣ ਲਈ, ਸਾਲਾਂ ਦੌਰਾਨ ਐੱਸਐੱਚਐੱਸ ਦੇ ਵਿਕਾਸ 'ਤੇ ਨਜ਼ਰ ਮਾਰਨੀ ਮਹੱਤਵਪੂਰਨ ਹੈ। ਇਸ ਦੇ ਕੇਂਦਰਿਤ ਖੇਤਰ ਅਤੇ ਵਿਸ਼ੇ ਲਗਾਤਾਰ ਸਵੱਛਤਾ ਵਿਵਹਾਰ ਵੱਲ ਹੌਲੀ-ਹੌਲੀ ਹੋ ਰਹੇ ਬਦਲਾਅ ਨੂੰ ਦਰਸਾਉਂਦੇ ਹਨ।



ਚਿੱਤਰ 4: ਵਾਤਾਵਰਣ-ਅਨੁਕੂਲ ਤਿਉਹਾਰਾਂ ਦੀ ਯੋਜਨਾ

2017 ਵਿੱਚ ਸ਼ੁਰੂ ਹੋਣ ਤੋਂ ਬਾਅਦ, ਮੁਹਿੰਮ ਨੇ ਉਭਰਦੀਆਂ ਸਵੱਛਤਾ ਅਤੇ ਸਫ਼ਾਈ ਤਰਜੀਹਾਂ ਦੇ ਅਨੁਸਾਰ ਆਪਣੇ ਕੇਂਦਰਿਤ ਖੇਤਰਾਂ, ਪੱਧਰ ਅਤੇ ਦਖ਼ਲ ਦੇ ਖੇਤਰਾਂ ਵਿੱਚ ਬਦਲਾਅ ਕੀਤਾ ਹੈ।


ਸਵੱਛਤਾ ਹੀ ਸੇਵਾ 2017: ਲੋਕਾਂ ਦੀ ਅਗਵਾਈ ਵਾਲੇ ਅੰਦੋਲਨ ਦੀ ਸ਼ੁਰੂਆਤ

ਪਹਿਲੀ ਐੱਸਐੱਚਐੱਸ ਮੁਹਿੰਮ 15 ਸਤੰਬਰ 2017 ਨੂੰ ਸ਼ੁਰੂ ਕੀਤੀ ਗਈ ਸੀ। ਸ਼ੁਰੂਆਤ ਮੌਕੇ ਸਵੱਛਤਾ ਹੀ ਸੇਵਾ ਦੀ ਸਹੁੰ ਚੁਕਾਈ ਗਈ ਅਤੇ ਦੇਸ਼ ਭਰ ਵਿੱਚ ਭਾਗੀਦਾਰੀ ਦਾ ਸੱਦਾ ਦਿੱਤਾ ਗਿਆ। ਮੁਹਿੰਮ ਨੇ ਸਫ਼ਾਈ ਨੂੰ ਸਾਂਝੀ ਰਾਸ਼ਟਰੀ ਜ਼ੁੰਮੇਵਾਰੀ ਵਜੋਂ ਪੇਸ਼ ਕੀਤਾ। ਨਾਗਰਿਕਾਂ ਨੂੰ ਸ਼੍ਰਮਦਾਨ ਰਾਹੀਂ ਸਿੱਧੇ ਤੌਰ 'ਤੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ। ਸ਼੍ਰਮਦਾਨ ਦਾ ਅਰਥ ਨਿਰਸਵਾਰਥ ਸੇਵਾ ਹੈ ਅਤੇ ਇਸ ਦਾ ਭਾਵ ਭਾਈਚਾਰੇ ਦੀ ਭਲਾਈ ਲਈ ਭਾਈਚਾਰਕ ਸੇਵਾ ਜਾਂ ਸਵੈ-ਇੱਛਤ ਯੋਗਦਾਨ ਹੈ। ਐੱਸਬੀਐੱਮ ਦੇ ਤਹਿਤ ਸ਼੍ਰਮਦਾਨ ਦਾ ਕੇਂਦਰ ਸਫ਼ਾਈ ਗਤੀਵਿਧੀਆਂ 'ਤੇ ਹੈ। ਪਹਿਲੀ ਐੱਸਐੱਚਐੱਸ ਮੁਹਿੰਮ ਐੱਸਬੀਐੱਮ ਦੇ ਤਹਿਤ ਹੋ ਰਹੇ ਵਿਆਪਕ ਸਵੱਛਤਾ ਬਦਲਾਅ ਨਾਲ ਨੇੜਿਓਂ ਜੁੜੀ ਹੋਈ ਸੀ। 2017 ਤੱਕ 2014 ਤੋਂ ਲੈ ਕੇ 4.82 ਕਰੋੜ ਪਖਾਨੇ ਬਣਾਏ ਜਾ ਚੁੱਕੇ ਸਨ। ਓਡੀਐੱਫ ਪਿੰਡਾਂ ਦੀ ਗਿਣਤੀ 2.38 ਲੱਖ ਤੱਕ ਪਹੁੰਚ ਗਈ ਸੀ। ਵਿਅਕਤੀਗਤ ਪਖਾਨਿਆਂ ਦੀ ਕਵਰੇਜ 2014 ਵਿੱਚ 42 ਫੀਸਦੀ ਤੋਂ ਵਧ ਕੇ 2017 ਵਿੱਚ 64 ਫੀਸਦੀ ਹੋ ਗਈ ਸੀ। ਇਸ ਲਈ ਐੱਸਐੱਚਐੱਸ ਮੁਹਿੰਮ ਸਵੱਛਤਾ ਦੇ ਬੁਨਿਆਦੀ ਢਾਂਚੇ ਦੇ ਤੇਜ਼ੀ ਨਾਲ ਵਿਸਤਾਰ ਦੇ ਨਾਲ-ਨਾਲ ਉਭਰੀ ਅਤੇ ਇਸ ਤਰੱਕੀ ਨੂੰ ਨਾਗਰਿਕਾਂ ਦੀ ਲਾਮਬੰਦੀ ਅਤੇ ਭਾਈਚਾਰਕ ਭਾਗੀਦਾਰੀ 'ਤੇ ਮਜ਼ਬੂਤ ਜ਼ੋਰ ਦੇ ਕੇ ਪੂਰਕ ਬਣਾਇਆ।

ਐੱਸਐੱਚਐੱਸ 2017 ਵਿੱਚ ਵਿਆਪਕ ਜਨਤਕ ਭਾਗੀਦਾਰੀ ਦੇਖਣ ਨੂੰ ਮਿਲੀ। ਕੁੱਲ 2.46 ਕਰੋੜ ਬੱਚਿਆਂ ਨੇ ਸਵੱਛ ਸੰਕਲਪ ਸਵੱਛ ਸਿੱਧੀ ਪੇਂਟਿੰਗ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਦਾ ਕੇਂਦਰ ਬੱਚਿਆਂ ਵਿੱਚ ਸਫ਼ਾਈ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਮੁਹਿੰਮ ਵਿੱਚ ਸੋਸ਼ਲ ਮੀਡੀਆ ਰਾਹੀਂ ਵੀ ਲਾਮਬੰਦੀ ਕੀਤੀ ਗਈ। ਇਸ ਦੀ ਸ਼ੁਰੂਆਤ ਵਾਲੇ ਦਿਨ #ਸਵੱਛਤਾ-ਹੀ-ਸੇਵਾ

ਪ੍ਰਮੁੱਖ ਰੁਝਾਨਾਂ ਵਿੱਚ ਸ਼ਾਮਲ ਰਿਹਾ। ਇਸ ਤੋਂ ਬਾਅਦ ਨਾਗਰਿਕਾਂ ਨੇ ਆਪਣੇ ਸ਼੍ਰਮਦਾਨ ਅਤੇ ਸਫ਼ਾਈ ਗਤੀਵਿਧੀਆਂ ਨੂੰ ਆਨਲਾਈਨ ਸਾਂਝਾ ਕਰਨ ਲਈ ਇਸ ਹੈਸ਼ਟੈਗ ਦੀ ਵਰਤੋਂ ਕੀਤੀ।

ਹੋਰ ਪਹਿਲਕਦਮੀਆਂ ਵਿੱਚ ਸਫ਼ਾਈ ਮੁਹਿੰਮਾਂ, ਸਵੱਛਤਾ ਗਤੀਵਿਧੀਆਂ ਅਤੇ ਖੁੱਲ੍ਹੇ ਵਿੱਚ ਸ਼ੌਚ ਦੀ ਸੰਭਾਵਨਾ ਵਾਲੀਆਂ ਥਾਵਾਂ 'ਤੇ ਕਾਰਵਾਈ ਸ਼ਾਮਲ ਸੀ। ਸਵੈ-ਸਹਾਇਤਾ ਸਮੂਹਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਸਥਾਨਕ ਭਾਈਚਾਰਿਆਂ ਨੇ ਅਜਿਹੀਆਂ ਕਈ ਗਤੀਵਿਧੀਆਂ ਵਿੱਚ ਹਿੱਸਾ ਲਿਆ।



ਚਿੱਤਰ 5: ਸਵੱਛਤਾ ਸਹੁੰ

ਸਵੱਛਤਾ ਹੀ ਸੇਵਾ 2018: ਸਵੱਛਤਾ ਲਈ ਜਨ ਅੰਦੋਲਨ ਨੂੰ ਮਜ਼ਬੂਤ ਕਰਨਾ



ਐੱਸਐੱਚਐੱਸ 2018 ਦਾ ਆਯੋਜਨ 15 ਸਤੰਬਰ ਤੋਂ 2 ਅਕਤੂਬਰ ਤੱਕ ਕੀਤਾ ਗਿਆ। ਐੱਸਐੱਚਐੱਸ 2018 ਨੇ ਜਨ ਭਾਗੀਦਾਰੀ ਦੀ ਪਹੁੰਚ ਨੂੰ ਮਜ਼ਬੂਤ ਕੀਤਾ ਅਤੇ ਇਸ ਧਾਰਨਾ ਨੂੰ ਹੋਰ ਪੱਕਾ ਕੀਤਾ ਕਿ 'ਸਵੱਛਤਾ ਹਰ ਕਿਸੇ ਦੀ ਜ਼ੁੰਮੇਵਾਰੀ ਹੈ'। ਇਸ ਵਿੱਚ ਵਿਦਿਆਰਥੀਆਂ, ਸਵੱਛਾਗ੍ਰਹੀਆਂ, ਨਿਗਰਾਨੀ ਕਮੇਟੀਆਂ, ਮਹਿਲਾ ਆਗੂਆਂ, ਨੌਜਵਾਨ ਸਮੂਹਾਂ, ਪ੍ਰਸਿੱਧ ਹਸਤੀਆਂ ਅਤੇ ਭਾਈਚਾਰਕ ਸੰਗਠਨਾਂ ਨੂੰ ਇਕੱਠਾ ਕੀਤਾ ਗਿਆ। ਸਵੱਛਾਗ੍ਰਹੀ ਗ੍ਰਾਮ ਪੰਚਾਇਤ ਪੱਧਰ 'ਤੇ ਸਮਰਪਿਤ, ਸਿਖਲਾਈ ਪ੍ਰਾਪਤ ਅਤੇ ਚੁਕਵੀਂ ਹੱਲਾਸ਼ੇਰੀ ਪ੍ਰਾਪਤ ਸਵੱਛਤਾ ਕਰਮਚਾਰੀ ਹੁੰਦੇ ਹਨ। ਨਿਗਰਾਨੀ ਕਮੇਟੀਆਂ ਪਿੰਡ ਵਾਸੀਆਂ ਨੂੰ ਖੁੱਲ੍ਹੇ ਵਿੱਚ ਸ਼ੌਚ ਨਾ ਕਰਨ ਲਈ ਪ੍ਰੇਰਿਤ ਕਰਨ ਦਾ ਕੰਮ ਕਰਦੀਆਂ ਹਨ। ਮੁਹਿੰਮ ਦੀਆਂ ਗਤੀਵਿਧੀਆਂ ਦਾ ਵਿਸਤਾਰ ਗ੍ਰਾਮ ਸਭਾਵਾਂ, ਰੇਲਵੇ, ਪ੍ਰਸਿੱਧ ਸਥਾਨਾਂ ਅਤੇ ਵਿਦਿਅਕ ਸੰਸਥਾਵਾਂ ਤੱਕ ਕੀਤਾ ਗਿਆ।



ਚਿੱਤਰ 7: ਦਿੱਖਣਯੋਗ ਸਫ਼ਾਈ ਲਈ ਸ਼੍ਰਮਦਾਨ

ਮੁਹਿੰਮ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ। ਕਲਾਸ 3 ਤੋਂ 5 ਤੱਕ ਦੇ ਵਿਦਿਆਰਥੀਆਂ ਨੇ ਹੱਥ ਧੋਣ ਦੀਆਂ ਮੁਹਿੰਮਾਂ ਵਿੱਚ ਹਿੱਸਾ ਲਿਆ। ਕਲਾਸ 6 ਤੋਂ 12 ਤੱਕ ਦੇ ਵਿਦਿਆਰਥੀਆਂ ਨੇ ਬਾਹਰੀ ਸਵੱਛਤਾ ਗਤੀਵਿਧੀਆਂ ਵਿੱਚ ਹਿੱਸਾ ਲਿਆ। 16 ਸਤੰਬਰ ਨੂੰ ਸਵੱਛਤਾ ਸਭਾਵਾਂ ਦਾ ਆਯੋਜਨ ਕੀਤਾ ਗਿਆ। ਪਿੰਡਾਂ ਵਿੱਚ ਸਥਾਨਕ ਸਫ਼ਾਈ ਦੀ ਸਮੀਖਿਆ ਕਰਨ ਲਈ ਵਿਸ਼ੇਸ਼ ਗ੍ਰਾਮ ਸਭਾਵਾਂ ਕਰਵਾਈਆਂ ਗਈਆਂ। ਇਨ੍ਹਾਂ ਵਿੱਚ ਭਵਿੱਖ ਦੀਆਂ ਸਵੱਛਤਾ ਗਤੀਵਿਧੀਆਂ ਲਈ ਕਾਰਜ ਯੋਜਨਾਵਾਂ ਵੀ ਤਿਆਰ ਕੀਤੀਆਂ ਗਈਆਂ। 17 ਸਤੰਬਰ ਨੂੰ ਸੇਵਾ ਦਿਵਸ ਵਜੋਂ ਮਨਾਇਆ ਗਿਆ। ਕੇਂਦਰ ਅਤੇ ਰਾਜ ਮੰਤਰਾਲਿਆਂ ਨੇ ਦੇਸ਼ ਭਰ ਵਿੱਚ ਸਵੱਛਤਾ ਗਤੀਵਿਧੀਆਂ ਦਾ ਆਯੋਜਨ ਕੀਤਾ। ਸਰਕਾਰੀ ਕਰਮਚਾਰੀਆਂ ਨੇ ਮੰਤਰਾਲਿਆਂ ਦੀ ਅਗਵਾਈ ਹੇਠ ਇਨ੍ਹਾਂ ਗਤੀਵਿਧੀਆਂ ਵਿੱਚ ਹਿੱਸਾ ਲਿਆ। 25 ਸਤੰਬਰ ਨੂੰ ਅੰਤਯੋਦਯ ਦਿਵਸ ਨੇ ਭਾਈਚਾਰਕ ਲਾਮਬੰਦੀ ਦੀ ਇੱਕ ਹੋਰ ਪਰਤ ਜੋੜੀ। ਹਰ ਸਵੱਛਾਗ੍ਰਹੀ ਨੂੰ ਸਵੱਛਾਗ੍ਰਹੀਆਂ ਦਾ ਇੱਕ ਵਿਸ਼ਾਲ ਨੈੱਟਵਰਕ ਬਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਪਹੁੰਚ ਦਾ ਮੰਤਵ ਸਵੱਛਤਾ ਵਿੱਚ ਭਾਗੀਦਾਰੀ ਨੂੰ ਵਿਅਕਤੀਗਤ ਸਵੈ-ਸੇਵਕਾਂ ਤੋਂ ਅੱਗੇ ਵਧਾਉਣਾ ਸੀ। ਇਸ ਨੇ ਸਥਾਨਕ ਅਗਵਾਈ ਨੂੰ ਲਗਾਤਾਰ ਸਵੱਛਤਾ ਕਾਰਵਾਈ ਨਾਲ ਜੋੜਿਆ।

ਇੱਕ ਮਿਸ਼ਨ, ਕਈ ਆਵਾਜ਼ਾਂ: ਭਾਰਤ ਸਵੱਛਤਾ ਲਈ ਇਕੱਠਾ ਹੋਇਆ

ਸਵੱਛਤਾ ਹੀ ਸੇਵਾ 2018 ਨੇ ਸਫ਼ਾਈ ਲਈ ਇੱਕ ਸਾਂਝੀ ਕੋਸ਼ਿਸ਼ ਵਿੱਚ ਪੂਰੇ ਭਾਰਤ ਦੇ ਲੋਕਾਂ ਨੂੰ ਇਕੱਠਾ ਕੀਤਾ। ਡਿਬਰੂਗੜ੍ਹ ਦੇ ਸਕੂਲੀ ਬੱਚਿਆਂ, ਦੰਤੇਵਾੜਾ ਅਤੇ ਸਲੇਮ ਦੀਆਂ ਮਹਿਲਾ ਸਵੱਛਾਗ੍ਰਹੀਆਂ ਅਤੇ ਬਿਜਨੌਰ ਵਿੱਚ ਗੰਗਾ ਦੀ ਸਫ਼ਾਈ ਕਰ ਰਹੇ ਸਵੈ-ਸੇਵਕਾਂ ਨੇ ਜ਼ਮੀਨੀ ਪੱਧਰ 'ਤੇ ਆਪਣੇ ਯਤਨ ਸਾਂਝੇ ਕੀਤੇ। ਸ਼੍ਰੀ ਅਮਿਤਾਭ ਬੱਚਨ ਵਰਗੀਆਂ ਪ੍ਰਸਿੱਧ ਹਸਤੀਆਂ ਨੇ ਮੁੰਬਈ ਦੇ ਇੱਕ ਬੀਚ ਦੀ ਸਫ਼ਾਈ ਬਾਰੇ ਗੱਲ ਕੀਤੀ, ਜਦਕਿ ਸ਼੍ਰੀ ਰਤਨ ਟਾਟਾ ਨੇ ਹਰ ਨਾਗਰਿਕ ਲਈ ਇੱਕ ਅੰਦੋਲਨ ਵਿੱਚ ਯੋਗਦਾਨ ਪਾਉਣ ਦੇ ਮਾਣ ਨੂੰ ਉਜਾਗਰ ਕੀਤਾ। ਇੰਡੋ-ਤਿੱਬਤੀਅਨ ਬਾਰਡਰ ਪੁਲਿਸ ਦੇ ਜਵਾਨਾਂ ਨੇ ਪੈਂਗੋਂਗ ਝੀਲ ਤੋਂ ਹਿੱਸਾ ਲਿਆ, ਜਦਕਿ ਦੈਨਿਕ ਜਾਗਰਣ ਵਰਗੇ ਮੀਡੀਆ ਘਰਾਣਿਆਂ, ਸਹਿਕਾਰੀ ਸੰਸਥਾਵਾਂ, ਰੇਲਵੇ ਕਰਮਚਾਰੀਆਂ ਅਤੇ ਨਾਗਰਿਕਾਂ ਨੇ ਵੀ ਆਪਣੇ ਯਤਨ ਸ਼ਾਮਲ ਕੀਤੇ। ਇਕੱਠੇ ਮਿਲ ਕੇ, ਇਨ੍ਹਾਂ ਆਵਾਜ਼ਾਂ ਨੇ ਸਰਕਾਰ ਦੇ ਇਸ ਸੁਨੇਹੇ ਨੂੰ ਦਰਸਾਇਆ ਕਿ ਸਵੱਛ ਭਾਰਤ ਕੋਈ ਸਰਕਾਰੀ ਅੰਦੋਲਨ ਨਹੀਂ, ਸਗੋਂ ਪੂਰੇ ਦੇਸ਼ ਦਾ ਅੰਦੋਲਨ ਹੈ।

ਸਵੱਛਤਾ ਹੀ ਸੇਵਾ 2019: ਧਿਆਨ ਪਲਾਸਟਿਕ ਕਚਰੇ ਵੱਲ ਮੋੜਨਾ

ਐੱਸਐੱਚਐੱਸ 2019 ਦਾ ਆਯੋਜਨ 11 ਸਤੰਬਰ ਤੋਂ 2 ਅਕਤੂਬਰ ਤੱਕ ਕੀਤਾ ਗਿਆ। ਮੁਹਿੰਮ ਦਾ ਵਿਸ਼ੇਸ਼ ਧਿਆਨ ਪਲਾਸਟਿਕ ਕਚਰੇ ਬਾਰੇ ਜਾਗਰੂਕਤਾ ਅਤੇ ਇਸ ਦੇ ਪ੍ਰਬੰਧਨ 'ਤੇ ਸੀ। ਨਾਗਰਿਕਾਂ ਨੂੰ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ ਦੀ ਵਰਤੋਂ ਘਟਾਉਣ ਲਈ ਉਤਸ਼ਾਹਿਤ ਕੀਤਾ ਗਿਆ। ਕੱਪੜੇ ਅਤੇ ਜੂਟ ਦੇ ਥੈਲਿਆਂ ਵਰਗੇ ਵਿਕਲਪਾਂ ਨੂੰ ਉਤਸ਼ਾਹਿਤ ਕੀਤਾ ਗਿਆ। 2 ਅਕਤੂਬਰ ਨੂੰ ਪਲਾਸਟਿਕ ਕਚਰੇ ਨੂੰ ਇਕੱਠਾ ਕਰਨ ਅਤੇ ਵੱਖ ਕਰਨ ਲਈ ਦੇਸ਼ ਵਿਆਪੀ ਸ਼੍ਰਮਦਾਨ ਕਰਵਾਇਆ ਗਿਆ। ਸ਼੍ਰਮਦਾਨ ਰਾਹੀਂ ਇਕੱਠੇ ਕੀਤੇ ਪਲਾਸਟਿਕ ਨੂੰ ਬਾਅਦ ਵਿੱਚ ਰੀਸਾਈਕਲ ਕਰਨ ਜਾਂ ਢੁਕਵੇਂ ਢੰਗ ਨਾਲ ਨਿਪਟਾਉਣ ਦੀ ਯੋਜਨਾ ਬਣਾਈ ਗਈ। ਇਸ ਤਰ੍ਹਾਂ ਮੁਹਿੰਮ ਨੇ ਸਿਰਫ਼ ਕਚਰਾ ਇਕੱਠਾ ਕਰਨ ਤੋਂ ਅੱਗੇ ਵਧ ਕੇ ਪਲਾਸਟਿਕ ਕਚਰੇ ਦੇ ਬਾਅਦ ਦੇ ਪ੍ਰਬੰਧਨ ਨੂੰ ਵੀ ਸੰਬੋਧਿਤ ਕੀਤਾ। ਇਸ ਤੋਂ ਇਲਾਵਾ, ਇਸ ਮੁਹਿੰਮ ਦੌਰਾਨ ਸਾਰੇ ਰਾਜਾਂ ਨੂੰ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ ਉਤਪਾਦਾਂ ਦੀ ਵਰਤੋਂ ਨੂੰ ਨਿਰੁਤਸਾਹਿਤ ਕਰਨ ਦੀ ਸਲਾਹ ਦਿੱਤੀ ਗਈ। ਨਤੀਜੇ ਵਜੋਂ, ਛੇ ਰਾਜਾਂ ਅਤੇ 171 ਜ਼ਿਲ੍ਹਿਆਂ ਨੇ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ 'ਤੇ ਪਾਬੰਦੀ ਲਗਾਈ।



ਚਿੱਤਰ 8: ਪਲਾਸਟਿਕ ਦੀ ਵਰਤੋਂ ਬਾਰੇ ਜਾਗਰੂਕਤਾ ਲਈ ਆਈਈਸੀ ਸਮੱਗਰੀ

ਕੋਵਿਡ -19 ਮਹਾਮਾਰੀ ਕਾਰਨ ਐੱਸਐੱਚਐੱਸ ਦਾ ਆਯੋਜਨ 2020 ਵਿੱਚ ਨਹੀਂ ਕੀਤਾ ਗਿਆ।

ਸਵੱਛਤਾ ਹੀ ਸੇਵਾ 2021: ਦਿੱਖਣਯੋਗ ਸਫ਼ਾਈ ਦੀ ਸੰਸਕ੍ਰਿਤੀ ਦਾ ਨਿਰਮਾਣ

ਐੱਸਐੱਚਐੱਸ 2021 ਦਾ ਆਯੋਜਨ 15 ਸਤੰਬਰ ਤੋਂ 2 ਅਕਤੂਬਰ ਤੱਕ ਕੀਤਾ ਗਿਆ। ਇਸ ਦਾ ਮੰਤਵ ਓਡੀਐੱਫ ਪਲੱਸ ਗਤੀਵਿਧੀਆਂ ਨੂੰ ਤੇਜ਼ ਕਰਨਾ ਅਤੇ ਪਿੰਡਾਂ ਵਿੱਚ ਓਡੀਐੱਫ ਦੀਆਂ ਪ੍ਰਾਪਤੀਆਂ ਨੂੰ ਕਾਇਮ ਰੱਖਣਾ ਸੀ। ਮੁਹਿੰਮ ਨੇ ਜਾਗਰੂਕਤਾ ਨੂੰ ਭਾਈਚਾਰਕ ਲਾਮਬੰਦੀ ਨਾਲ ਜੋੜਿਆ। ਐੱਸਐੱਚਐੱਸ 2021 ਦੌਰਾਨ 60 ਲੱਖ ਤੋਂ ਵੱਧ ਲੋਕਾਂ ਨੇ 1.5 ਲੱਖ ਤੋਂ ਵੱਧ ਸ਼੍ਰਮਦਾਨ

ਗਤੀਵਿਧੀਆਂ ਵਿੱਚ ਹਿੱਸਾ ਲਿਆ। 1 ਅਕਤੂਬਰ 2021 ਤੱਕ 43,000 ਤੋਂ ਵੱਧ ਗ੍ਰਾਮ ਸਭਾਵਾਂ ਨੇ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ ਵਿਰੁੱਧ ਮਤੇ ਪਾਸ ਕੀਤੇ।

ਐੱਸਐੱਚਐੱਸ 2021 ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਸਤਿਆਗ੍ਰਹਿ ਸੇ ਸਵੱਛਾਗ੍ਰਹਿ ਰਥ ਯਾਤਰਾ ਸੀ। 783 ਤੋਂ ਵੱਧ ਸਵੱਛਤਾ ਰਥ ਜ਼ਿਲ੍ਹਿਆਂ, ਬਲਾਕਾਂ ਅਤੇ ਗ੍ਰਾਮ ਪੰਚਾਇਤਾਂ ਵਿੱਚ ਸਵੱਛਤਾ ਬਾਰੇ ਜਾਗਰੂਕਤਾ ਫੈਲਾਉਣ ਲਈ ਗਏ। ਮੁਹਿੰਮ ਨੇ ਸਵੱਛਤਾ ਸ਼੍ਰਮਦਾਨ ਅਤੇ 37,507 ਸਵੱਛਤਾ ਜਾਗ੍ਰਿਤੀ ਯਾਤਰਾਵਾਂ ਰਾਹੀਂ ਜਾਗਰੂਕਤਾ ਨੂੰ ਸਿੱਧੀ ਭਾਈਚਾਰਕ ਕਾਰਵਾਈ ਨਾਲ ਜੋੜਿਆ। ਇਕੱਲੇ ਸਵੱਛ ਭਾਰਤ ਦਿਵਸ 'ਤੇ ਲਗਭਗ 6.4 ਲੱਖ ਲੋਕਾਂ ਨੇ 2.4 ਲੱਖ ਤੋਂ ਵੱਧ ਸ਼੍ਰਮਦਾਨ ਗਤੀਵਿਧੀਆਂ ਵਿੱਚ ਹਿੱਸਾ ਲਿਆ।

ਐੱਸਐੱਚਐੱਸ 2021 ਨੇ ਪੇਂਡੂ ਭਾਈਚਾਰਿਆਂ ਵਿੱਚ ਸਵੱਛਤਾ ਸੁਨੇਹਿਆਂ ਨੂੰ ਦਿੱਖਣਯੋਗ ਬਣਾਉਣ ਲਈ ਸੰਚਾਰ ਦੇ ਸਾਧਨਾਂ ਦੀ ਵਰਤੋਂ ਕੀਤੀ। 9,401 ਕੰਧ ਚਿੱਤਰਾਂ, ਰੈਲੀਆਂ ਅਤੇ ਕਈ ਨਾਅਰਾ ਲਿਖਣ ਦੀਆਂ ਗਤੀਵਿਧੀਆਂ ਰਾਹੀਂ ਓਡੀਐੱਫ ਪਲੱਸ ਸੰਦੇਸ਼ ਪਿੰਡਾਂ ਤੱਕ ਪਹੁੰਚਾਏ ਗਏ। ਮੁਹਿੰਮ ਨੇ ਸਵੱਛਤਾ ਚੈਂਪੀਅਨਾਂ ਨੂੰ ਮਾਨਤਾ ਦਿੱਤੀ ਅਤੇ ਸਨਮਾਨਿਤ ਕੀਤਾ ਅਤੇ ਭਾਈਚਾਰਕ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ।



ਚਿੱਤਰ 9: ਕੰਧ ਚਿੱਤਰ

ਐੱਸਐੱਚਐੱਸ 2021 ਨੇ ਸਵੱਛਤਾ ਦੇ ਘੱਟ ਦਿੱਖਣ ਵਾਲੇ ਪੱਖਾਂ ਨੂੰ ਵੀ ਸੰਬੋਧਿਤ ਕੀਤਾ। ਸਥਾਇਤਵ ਅਤੇ ਸੁਜਲਾਮ ਅਭਿਆਨ ਦਾ ਧਿਆਨ ਤਰਲ ਕਚਰਾ ਪ੍ਰਬੰਧਨ 'ਤੇ ਸੀ। ਇਸ ਮੁਹਿੰਮ ਦੌਰਾਨ ਘਰੇਲੂ ਪੱਧਰ 'ਤੇ 15,951 ਅਤੇ ਭਾਈਚਾਰਕ ਪੱਧਰ 'ਤੇ 7,216 ਸੋਖਤਾ ਟੋਏ ਬਣਾਏ ਗਏ। ਇਸ ਤਰ੍ਹਾਂ ਐੱਸਐੱਚਐੱਸ 2021 ਨੇ ਵਿਆਪਕ ਸਫ਼ਾਈ ਜਾਂ ਸੰਪੂਰਨ ਸਵੱਛਤਾ ਲਈ ਲੋਕ ਭਾਗੀਦਾਰੀ ਨੂੰ ਮਜ਼ਬੂਤ ਕੀਤਾ। ਇਸ ਨੇ ਐੱਸਐੱਚਐੱਸ 2022 ਦੇ ਹੋਰ ਮਜ਼ਬੂਤ ਦਿਖਣਯੋਗ ਸਫ਼ਾਈ ਕੇਂਦਰਿਤ ਰੁਖ ਲਈ ਇੱਕ ਮਹੱਤਵਪੂਰਨ ਨੀਂਹ ਤਿਆਰ ਕੀਤੀ।

ਸਵੱਛਤਾ ਹੀ ਸੇਵਾ 2022: ਦਿੱਖਣਯੋਗ ਸਫ਼ਾਈ 'ਤੇ ਧਿਆਨ



ਚਿੱਤਰ 10: ਠੋਸ ਕਚਰੇ ਦੀ ਛਾਂਟੀ ਲਈ ਕੂੜਾਦਾਨ

ਐੱਸਐੱਚਐੱਸ 2022 ਦਾ ਆਯੋਜਨ 15 ਸਤੰਬਰ ਤੋਂ 2 ਅਕਤੂਬਰ ਤੱਕ ਕੀਤਾ ਗਿਆ। ਮੁਹਿੰਮ ਦਾ ਧਿਆਨ ਪਿੰਡਾਂ ਦੀ ਦਿੱਖਣਯੋਗ ਸਫ਼ਾਈ ਅਤੇ ਪਿੰਡਾਂ ਦੇ ਆਲੇ-ਦੁਆਲੇ ਸੁੱਟੇ ਗਏ ਕੂੜੇ ਅਤੇ ਰਹਿੰਦ-ਖੂੰਹਦ ਨੂੰ ਨਿਸ਼ਾਨਾ ਬਣਾਉਣ 'ਤੇ ਸੀ। ਐੱਸਐੱਚਐੱਸ 2022 ਨੇ ਓਡੀਐੱਫ ਪਲੱਸ ਪਿੰਡਾਂ ਲਈ ਲੋਕ ਭਾਗੀਦਾਰੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਨੇ "ਸੰਪੂਰਨ ਸਵੱਛ" ਪਿੰਡ ਦੀ ਧਾਰਨਾ ਨੂੰ ਵੀ ਉਤਸ਼ਾਹਿਤ ਕੀਤਾ। ਮੁਹਿੰਮ ਨੇ 'ਸਵੱਛਤਾ ਹਰ ਕਿਸੇ ਦੀ ਜ਼ੁੰਮੇਵਾਰੀ ਹੈ' ਦੇ ਸਿਧਾਂਤ ਨੂੰ ਹੋਰ ਮਜ਼ਬੂਤ ਕੀਤਾ। ਇਸ ਮੁਹਿੰਮ ਨੇ ਦਿੱਖਣਯੋਗ ਸਫ਼ਾਈ ਨੂੰ ਵਿਆਪਕ ਸਵੱਛਤਾ ਅਭਿਆਸਾਂ ਜਿਵੇਂ ਕਿ ਕਚਰੇ ਦੀ ਛਾਂਟੀ, ਪਲਾਸਟਿਕ ਪ੍ਰਬੰਧਨ ਅਤੇ ਜਲ ਸਰੋਤਾਂ ਦੇ ਆਲੇ-ਦੁਆਲੇ ਸਫ਼ਾਈ ਨਾਲ ਜੋੜਿਆ। ਇਸ ਪਹੁੰਚ ਨੇ ਐੱਸਬੀਐੱਮ-ਜੀ ਦੇ ਪੜਾਅ II ਤਹਿਤ ਟਿਕਾਊ ਪੇਂਡੂ ਸਵੱਛਤਾ ਵੱਲ ਬਦਲਾਅ ਨੂੰ ਸਮਰਥਨ ਦਿੱਤਾ।

ਮੁਹਿੰਮ ਵਿੱਚ ਨੌਂ ਰਾਜਾਂ ਵਿੱਚ ਯੂਨਾਈਟਿਡ ਇੰਡੀਆ ਫਾਰ ਸਵੱਛਤਾ ਗਤੀਵਿਧੀਆਂ ਵੀ ਸ਼ਾਮਲ ਸਨ। ਮੁਹਿੰਮ ਨੇ ਪਲਾਸਟਿਕ ਕਚਰਾ ਪ੍ਰਬੰਧਨ ਲਈ 4ਆਰ ਸਿਧਾਂਤ ਨੂੰ ਉਤਸ਼ਾਹਿਤ ਕੀਤਾ: ਇਨਕਾਰ ਕਰੋ, ਘਟਾਓ, ਮੁੜ ਵਰਤੋਂ ਕਰੋ ਅਤੇ ਮੁੜ-ਚੱਕਰੀਕਰਨ ਕਰੋ। ਐੱਸਐੱਚਐੱਸ 2022 ਨੇ ਸਵੱਛਤਾ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਕਈ ਸੰਚਾਰ ਮਾਧਿਅਮਾਂ ਦੀ ਵਰਤੋਂ ਕੀਤੀ। ਗਤੀਵਿਧੀਆਂ ਵਿੱਚ ਕੰਧ ਚਿੱਤਰ, ਨੁੱਕੜ ਨਾਟਕ, ਸਵੱਛਤਾ ਰਥ ਅਤੇ ਸੋਸ਼ਲ ਮੀਡੀਆ ਸਮੱਗਰੀ ਸ਼ਾਮਲ ਸੀ। ਨਾਗਰਿਕਾਂ ਨੂੰ "ਕੂੜਾ ਨਾ ਸੁੱਟਣ" ਦੀ ਸਹੁੰ ਚੁੱਕਣ ਲਈ ਉਤਸ਼ਾਹਿਤ ਕੀਤਾ ਗਿਆ। ਇਨ੍ਹਾਂ ਗਤੀਵਿਧੀਆਂ ਨੇ ਪਿੰਡ ਦੀ ਅਗਵਾਈ ਨੂੰ ਭਾਈਚਾਰਕ ਪੱਧਰ ਦੀ ਸਵੱਛਤਾ ਕਾਰਵਾਈ ਨਾਲ ਜੋੜਿਆ।

ਮੁਹਿੰਮ ਵਿੱਚ ਪੇਂਡੂ ਭਾਰਤ ਭਰ ਤੋਂ ਵੱਡੀ ਭਾਗੀਦਾਰੀ ਦਰਜ ਕੀਤੀ ਗਈ। 9.81 ਕਰੋੜ ਤੋਂ ਵੱਧ ਲੋਕਾਂ ਨੇ ਸਵੱਛਤਾ ਗਤੀਵਿਧੀਆਂ ਲਈ ਸ਼੍ਰਮਦਾਨ ਵਿੱਚ ਹਿੱਸਾ ਲਿਆ। ਮੁਹਿੰਮ ਦੌਰਾਨ 1.59 ਲੱਖ ਤੋਂ ਵੱਧ ਗ੍ਰਾਮ ਪੰਚਾਇਤਾਂ ਨੇ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ ਵਿਰੁੱਧ ਮਤੇ ਪਾਸ ਕੀਤੇ। ਲਗਭਗ 1.68 ਲੱਖ ਸਰਪੰਚਾਂ ਨੇ ਓਡੀਐੱਫ ਪਲੱਸ ਦੇ ਹਿੱਸਿਆਂ ਬਾਰੇ ਸਰਪੰਚ ਸੰਵਾਦਾਂ ਵਿੱਚ ਹਿੱਸਾ ਲਿਆ। ਇਸ ਤਰ੍ਹਾਂ ਮੁਹਿੰਮ ਨੇ ਸਾਫ਼-ਸੁਥਰੇ ਆਲੇ-ਦੁਆਲੇ ਨੂੰ ਭਾਈਚਾਰਕ ਮਾਲਕੀ ਅਤੇ ਟਿਕਾਊ ਕਚਰਾ ਪ੍ਰਬੰਧਨ ਨਾਲ ਜੋੜਿਆ।

ਸਵੱਛਤਾ ਹੀ ਸੇਵਾ 2023: ਕੂੜਾ-ਮੁਕਤ ਭਾਰਤ ਵੱਲ

ਐੱਸਐੱਚਐੱਸ 2023 ਦਾ ਆਯੋਜਨ 15 ਸਤੰਬਰ ਤੋਂ 2 ਅਕਤੂਬਰ ਤੱਕ ਕੀਤਾ ਗਿਆ ਅਤੇ ਇਸ ਦਾ ਵਿਸ਼ਾ "ਕੂੜਾ-ਮੁਕਤ ਭਾਰਤ" ਸੀ। ਮੁਹਿੰਮ ਦਾ ਧਿਆਨ ਸਵੈ-ਇੱਛਤ ਸੇਵਾ, ਸ਼੍ਰਮਦਾਨ, ਦਿੱਖਣਯੋਗ ਸਫ਼ਾਈ ਅਤੇ ਸਫ਼ਾਈ ਮਿੱਤਰਾਂ ਦੀ ਭਲਾਈ 'ਤੇ ਸੀ। ਇਸ ਲਈ 17 ਸਤੰਬਰ ਤੋਂ ਸਫ਼ਾਈ ਮਿੱਤਰ ਸੁਰੱਖਿਆ ਸ਼ਿਵਿਰਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਸ਼ਿਵਿਰਾਂ ਦਾ ਉਦੇਸ਼ ਠੋਸ ਕਚਰਾ ਪ੍ਰਬੰਧਨ ਅਤੇ ਵਰਤੇ ਹੋਏ ਪਾਣੀ ਦੇ ਪ੍ਰਬੰਧਨ ਨਾਲ ਜੁੜੇ ਸਾਰੇ ਸਵੱਛਤਾ ਕਰਮਚਾਰੀਆਂ ਦੀ ਭਲਾਈ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਸੀ।



ਚਿੱਤਰ 11: ਮੁੜ ਸੁਰਜੀਤ ਕੀਤਾ ਜਾ ਰਿਹਾ ਦਰਿਆ ਕਿਨਾਰਾ

18 ਦਿਨਾਂ ਦੀ ਮੁਹਿੰਮ ਦੌਰਾਨ 109 ਕਰੋੜ ਤੋਂ ਵੱਧ ਭਾਗੀਦਾਰੀਆਂ ਦਰਜ ਕੀਤੀਆਂ ਗਈਆਂ। ਲਗਭਗ 53 ਕਰੋੜ ਲੋਕਾਂ ਨੇ ਸਵੱਛਤਾ ਲਈ ਸ਼੍ਰਮਦਾਨ ਵਿੱਚ ਹਿੱਸਾ ਲਿਆ। ਇਹ ਹਰ ਦਿਨ ਲਗਭਗ ਤਿੰਨ ਕਰੋੜ ਸ਼੍ਰਮਦਾਨ ਭਾਗੀਦਾਰਾਂ ਦੇ ਬਰਾਬਰ ਸੀ। ਮੁਹਿੰਮ ਦੀ ਸਮਾਪਤੀ 1 ਅਕਤੂਬਰ ਨੂੰ "ਏਕ ਤਾਰੀਖ, ਏਕ ਘੰਟਾ, ਏਕ ਸਾਥ" ਨਾਲ ਹੋਈ। ਦੇਸ਼ ਭਰ ਵਿੱਚ ਲਗਭਗ 9.2 ਲੱਖ ਸਮਾਗਮਾਂ ਵਿੱਚ ਕਰੀਬ 8.75 ਕਰੋੜ ਲੋਕਾਂ ਨੇ ਹਿੱਸਾ ਲਿਆ। ਪੇਂਡੂ ਖੇਤਰਾਂ ਵਿੱਚ 6.8 ਕਰੋੜ ਭਾਗੀਦਾਰ ਰਹੇ, ਜਦਕਿ ਸ਼ਹਿਰੀ ਖੇਤਰਾਂ ਵਿੱਚ 1.95 ਕਰੋੜ ਭਾਗੀਦਾਰ ਰਹੇ।

ਮੁਹਿੰਮ ਨੇ ਜਨਤਕ ਥਾਵਾਂ 'ਤੇ ਦਿੱਖਣਯੋਗ ਸੁਧਾਰ ਕੀਤੇ। ਲਗਭਗ 7,611 ਸਮੁੰਦਰੀ ਤੱਟਾਂ ਦੀ ਸਫ਼ਾਈ ਕੀਤੀ ਗਈ। 6,371 ਦਰਿਆ ਕਿਨਾਰਿਆਂ ਅਤੇ ਜਲ ਕਿਨਾਰਿਆਂ ਨੂੰ ਮੁੜ ਸੁਰਜੀਤ ਕੀਤਾ ਗਿਆ। 15,576 ਤੋਂ ਵੱਧ ਪੁਰਾਣੇ ਕਚਰਾ ਸਥਾਨਾਂ ਨੂੰ ਮੁੜ ਵਰਤੋਂ ਯੋਗ ਬਣਾਇਆ ਗਿਆ। 3,620 ਸੈਲਾਨੀ ਅਤੇ ਪ੍ਰਸਿੱਧ ਸਥਾਨਾਂ ਵਿੱਚ ਸੁਧਾਰ ਕੀਤਾ ਗਿਆ। 1.23 ਲੱਖ ਤੋਂ ਵੱਧ ਜਨਤਕ ਥਾਵਾਂ ਨੂੰ ਮੁੜ ਬਹਾਲ ਕੀਤਾ ਗਿਆ। 16,000 ਤੋਂ ਵੱਧ ਜਲ ਸਰੋਤਾਂ ਦੀ ਸਫ਼ਾਈ ਕੀਤੀ ਗਈ। ਲਗਭਗ 66,779 ਕੂੜਾ-ਸੰਵੇਦਨਸ਼ੀਲ ਸਥਾਨਾਂ ਦੀ ਸਫ਼ਾਈ ਕੀਤੀ ਗਈ।

ਇੰਡੀਆਨ ਸਵੱਛਤਾ ਲੀਗ 2.0 ਨੇ ਵੀ ਨੌਜਵਾਨਾਂ ਨੂੰ ਮੁਹਿੰਮ ਨਾਲ ਜੋੜਿਆ। ਭਾਗੀਦਾਰੀ ਲਈ 4,000 ਤੋਂ ਵੱਧ ਸ਼ਹਿਰੀ ਟੀਮਾਂ ਤਿਆਰ ਕੀਤੀਆਂ ਗਈਆਂ। ਇਨ੍ਹਾਂ ਟੀਮਾਂ ਨੇ ਸਮੁੰਦਰੀ ਤੱਟਾਂ, ਪਹਾੜੀਆਂ ਅਤੇ ਸੈਲਾਨੀ ਸਥਾਨਾਂ ਦੀ ਸਫ਼ਾਈ ਲਈ ਰੈਲੀਆਂ ਕੀਤੀਆਂ। ਇਸ ਪਹਿਲਕਦਮੀ ਦਾ ਉਦੇਸ਼ ਸਵੱਛਤਾ ਪ੍ਰਤੀ ਨੌਜਵਾਨਾਂ ਦੀ ਸਥਾਈ ਮਾਲਕੀ ਦੀ ਭਾਵਨਾ ਪੈਦਾ ਕਰਨਾ ਸੀ।



ਚਿੱਤਰ 12: ਇੰਡੀਅਨ ਸਵੱਛਤਾ ਲੀਗ ਰਨ 2023

ਸਵੱਛਤਾ ਹੀ ਸੇਵਾ 2023 ਨੇ ਸਵੱਛ ਭਾਰਤ ਮਿਸ਼ਨ ਦੇ ਪੇਂਡੂ ਅਤੇ ਸ਼ਹਿਰੀ ਹਿੱਸਿਆਂ ਨੂੰ ਇਕੱਠਾ ਕੀਤਾ। 71 ਮੰਤਰਾਲਿਆਂ ਅਤੇ ਵਿਭਾਗਾਂ ਨੇ ਆਪਣੇ-ਆਪਣੇ ਵਿਲੱਖਣ ਤਰੀਕਿਆਂ ਨਾਲ ਇਸ ਮੁਹਿੰਮ ਵਿੱਚ ਯੋਗਦਾਨ ਪਾਇਆ। ਉਨ੍ਹਾਂ ਦੀਆਂ ਪਹਿਲਕਦਮੀਆਂ ਨੇ ਵੱਖ-ਵੱਖ ਖੇਤਰਾਂ ਅਤੇ ਜਨਤਕ ਸਥਾਨਾਂ ਤੱਕ ਸਵੱਛਤਾ ਦੇ ਯਤਨਾਂ ਦਾ ਵਿਸਥਾਰ ਕੀਤਾ। ਉਦਾਹਰਨ ਵਜੋਂ, ਸੈਰ-ਸਪਾਟਾ ਮੰਤਰਾਲੇ ਨੇ 108 ਚੁਣੀਆਂ ਗਈਆਂ ਥਾਵਾਂ 'ਤੇ 'ਸਵੱਛਤਾ ਲਈ ਟ੍ਰੈਵਲ ਫ਼ਾਰ ਲਾਈਫ਼ ਮੁਹਿੰਮ' ਦੀ ਸ਼ੁਰੂਆਤ ਕੀਤੀ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਸਿਨੇਮਾ ਸਕ੍ਰੀਨਾਂ 'ਤੇ ਸਵੱਛਤਾ ਹੀ ਸੇਵਾ ਦੀ ਵੀਡੀਓ ਦਿਖਾਈ। ਦੂਰਸੰਚਾਰ ਵਿਭਾਗ ਨੇ ਮੋਬਾਈਲ ਨੈੱਟਵਰਕਾਂ 'ਤੇ ਸਵੱਛਤਾ ਹੀ ਸੇਵਾ ਦੀ ਰਿੰਗਟੋਨ ਚਲਾਈ।

ਇਸ ਮੁਹਿੰਮ ਨੇ ਤਾਲਮੇਲ ਵਾਲੀ ਸਰਕਾਰੀ ਕਾਰਵਾਈ ਅਤੇ ਭਾਈਚਾਰਕ ਯਤਨਾਂ ਰਾਹੀਂ ਸੰਭਵ ਹੋਣ ਵਾਲੇ ਵੱਡੇ ਪੱਧਰ ਦਾ ਪ੍ਰਦਰਸ਼ਨ ਕੀਤਾ। ਇਸ ਦੇ ਨਤੀਜਿਆਂ ਨੇ ਇਹ ਵੀ ਦਰਸਾਇਆ ਕਿ ਸਵੱਛਤਾ ਦਾ ਦਾਇਰਾ ਪਖਾਨਿਆਂ ਤੋਂ ਅੱਗੇ ਵਧ ਕੇ ਕੂੜਾ ਪ੍ਰਬੰਧਨ ਅਤੇ ਵਿਵਹਾਰਕ ਬਦਲਾਅ ਤੱਕ ਫੈਲ ਰਿਹਾ ਹੈ।

ਸਵੱਛਤਾ ਹੀ ਸੇਵਾ 2024: ਸਵੱਛਤਾ ਤੋਂ ਸੁਭਾਅ ਤੱਕ

17 ਸਤੰਬਰ ਤੋਂ 2 ਅਕਤੂਬਰ ਤੱਕ ਆਯੋਜਿਤ ਸਵੱਛਤਾ ਹੀ ਸੇਵਾ 2024 ਨੇ ਵਿਵਹਾਰ ਅਤੇ ਸਮਾਜਿਕ ਕਦਰਾਂ-ਕੀਮਤਾਂ ਵੱਲ ਇੱਕ ਵੱਡਾ ਬਦਲਾਅ ਦਰਸਾਇਆ। ਇਸ ਦਾ ਵਿਸ਼ਾ "ਸੁਭਾਅ ਸਵੱਛਤਾ, ਸੰਸਕਾਰ ਸਵੱਛਤਾ" ਸੀ। ਮੁਹਿੰਮ ਦਾ ਧਿਆਨ ਹੇਠ ਲਿਖੇ ਵਿਆਪਕ ਖੇਤਰਾਂ 'ਤੇ ਕੇਂਦਰਿਤ ਸੀ:

* ਸਫ਼ਾਈ ਲਈ ਚੁਣੀਆਂ ਇਕਾਈਆਂ ਦਾ ਬਦਲਾਅ (ਅਣਗੌਲੇ ਅਤੇ ਗੰਦੇ ਖੇਤਰ)

* ਸਵੱਛਤਾ ਵਿੱਚ ਜਨ ਭਾਗੀਦਾਰੀ: ਸਫ਼ਾਈ ਵਿੱਚ ਜਨਤਕ ਭਾਗੀਦਾਰੀ

* ਸਫ਼ਾਈ ਮਿੱਤਰ ਸੁਰੱਖਿਆ ਸ਼ਿਵਿਰ: ਸਫ਼ਾਈ ਕਰਮਚਾਰੀਆਂ ਦੀ ਭਲਾਈ

ਸਫ਼ਾਈ ਲਈ ਚੁਣੀਆਂ ਇਕਾਈਆਂ (ਸੀਟੀਯੂ) ਉਹ ਅਜਿਹੇ ਗੰਭੀਰ ਤੌਰ 'ਤੇ ਅਣਗੌਲੇ ਖੇਤਰ ਸਨ, ਜੋ ਵਾਤਾਵਰਣ ਅਤੇ ਸਿਹਤ ਲਈ ਖਤਰੇ ਪੈਦਾ ਕਰਦੇ ਸਨ। ਕੂੜੇ ਦੇ ਸਥਾਨਾਂ ਜਾਂ ਕੂੜਾ ਡੰਪ ਕਰਨ ਵਾਲੀਆਂ ਥਾਵਾਂ ਵਰਗੇ ਇਹ ਖੇਤਰ ਵੱਖ-ਵੱਖ ਇਲਾਕਿਆਂ ਵਿੱਚ ਨਿਯਮਤ ਸਫ਼ਾਈ ਮੁਹਿੰਮਾਂ ਦੌਰਾਨ ਅਕਸਰ ਅਣਗੌਲੇ ਰਹਿ ਜਾਂਦੇ ਸਨ। ਮੁਹਿੰਮ ਦਾ ਮੰਤਵ ਨਿਰਧਾਰਤ ਸਮੇਂ ਅੰਦਰ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਰਾਹੀਂ ਇਨ੍ਹਾਂ ਸਥਾਨਾਂ ਦਾ ਬਦਲਾਅ ਕਰਨਾ ਸੀ। ਮੁਹਿੰਮ ਤਹਿਤ 3.10 ਲੱਖ ਰਿਹਾਇਸ਼ੀ ਖੇਤਰਾਂ ਵਿੱਚ ਬਦਲਾਅ ਕੀਤਾ ਗਿਆ। ਇਸ ਤੋਂ ਇਲਾਵਾ, 2.11 ਲੱਖ ਸੜਕ ਕਿਨਾਰੇ ਵਾਲੇ ਖੇਤਰਾਂ ਅਤੇ 56,526 ਬਾਜ਼ਾਰ ਸਥਾਨਾਂ ਨੂੰ ਵੀ ਮੁੜ ਸੁਧਾਰਿਆ ਗਿਆ। ਮੁਹਿੰਮ ਦੌਰਾਨ 61 ਲੱਖ ਤੋਂ ਵੱਧ ਰੁੱਖ ਲਗਾਏ ਗਏ।

ਦਿਲਚਸਪ ਗੱਲ ਇਹ ਹੈ ਕਿ ਸਵੱਛਤਾ ਹੀ ਸੇਵਾ 2024 ਨੇ ਰਵਾਇਤੀ ਸਫ਼ਾਈ ਮੁਹਿੰਮਾਂ ਤੋਂ ਅੱਗੇ ਵਧ ਕੇ ਭਾਗੀਦਾਰੀ ਦਾ ਵਿਸਥਾਰ ਕੀਤਾ। ਸਵੱਛ ਭਾਰਤ ਸੱਭਿਆਚਾਰਕ ਮੇਲਿਆਂ ਨੇ ਸਵੱਛਤਾ ਨੂੰ ਸਥਾਨਕ ਕਲਾ ਅਤੇ ਸੱਭਿਆਚਾਰ ਨਾਲ ਜੋੜਿਆ। ਇਨ੍ਹਾਂ ਸਮਾਗਮਾਂ ਵਿੱਚ ਭਾਈਚਾਰਕ ਭਾਗੀਦਾਰੀ ਅਤੇ ਸਫ਼ਾਈ ਮਿੱਤਰਾਂ ਦੇ ਯੋਗਦਾਨ ਨੂੰ ਵੀ ਉਜਾਗਰ ਕੀਤਾ ਗਿਆ। ਮੁਹਿੰਮ ਦੌਰਾਨ 76,837 ਸਵੱਛ ਭਾਰਤ ਸੱਭਿਆਚਾਰਕ ਮੇਲੇ ਆਯੋਜਿਤ ਕੀਤੇ ਗਏ। ਲਗਭਗ 15,710 ਸਵੱਛ ਫੂਡ ਸਟ੍ਰੀਟਾਂ ਸਥਾਪਿਤ ਕੀਤੀਆਂ ਗਈਆਂ। ਇਸ ਪਹਿਲਕਦਮੀ ਨੇ ਕੂੜੇ ਤੋਂ ਕਲਾ ਗਤੀਵਿਧੀਆਂ ਅਤੇ ਵਾਤਾਵਰਣ-ਅਨੁਕੂਲ ਉਤਪਾਦਾਂ ਨੂੰ ਵੀ ਉਤਸ਼ਾਹਿਤ ਕੀਤਾ। ਇਸ ਤਰ੍ਹਾਂ ਸੱਭਿਆਚਾਰਕ ਭਾਗੀਦਾਰੀ ਸਵੱਛਤਾ ਦਾ ਸੁਨੇਹਾ ਪਹੁੰਚਾਉਣ ਦਾ ਇੱਕ ਹੋਰ ਮਾਧਿਅਮ ਬਣੀ।



ਚਿੱਤਰ 13: ਸਫ਼ਾਈ ਮਿੱਤਰ ਸੁਰੱਖਿਆ ਸ਼ਿਵਿਰ

ਸਫ਼ਾਈ ਮਿੱਤਰ ਸੁਰੱਖਿਆ ਸ਼ਿਵਿਰਾਂ ਨੇ ਰੋਕਥਾਮੀ ਸਿਹਤ ਸੇਵਾਵਾਂ ਅਤੇ ਭਲਾਈ ਨਾਲ ਜੁੜੀਆਂ ਸਹੂਲਤਾਂ ਪ੍ਰਦਾਨ ਕੀਤੀਆਂ। ਇਸ ਨਾਲ ਸਵੱਛਤਾ ਦੇ ਅਰਥ ਦਾ ਦਾਇਰਾ ਹੋਰ ਵਿਸ਼ਾਲ ਹੋਇਆ। ਮੁਹਿੰਮ ਨੇ ਸਾਫ਼-ਸੁਥਰੇ ਵਾਤਾਵਰਣ ਦੇ ਨਾਲ-ਨਾਲ ਸਫ਼ਾਈ ਪ੍ਰਣਾਲੀਆਂ ਨੂੰ ਸਹਾਰਾ ਦੇਣ ਵਾਲੇ ਕਰਮਚਾਰੀਆਂ ਦੀ ਭਲਾਈ ਨੂੰ ਵੀ ਸੰਬੋਧਿਤ ਕੀਤਾ।

ਇਸ ਸਮਾਗਮ ਦੌਰਾਨ 1 ਅਕਤੂਬਰ 2024 ਤੱਕ 29.21 ਲੱਖ ਸਮਾਗਮਾਂ ਦੀ ਯੋਜਨਾ ਬਣਾਈ ਗਈ ਸੀ। ਇਨ੍ਹਾਂ ਵਿੱਚੋਂ 26.44 ਲੱਖ ਸਮਾਗਮ ਪੂਰੇ ਕੀਤੇ ਗਏ। ਜਨਤਕ ਭਾਗੀਦਾਰੀ 26.25 ਕਰੋੜ ਵਿਅਕਤੀਆਂ ਤੱਕ ਪਹੁੰਚੀ। ਨਾਗਰਿਕਾਂ ਨੇ 3.04 ਲੱਖ ਸਵੱਛਤਾ ਸਹੁੰਆਂ ਵੀ ਚੁੱਕੀਆਂ। ਇਸ ਤਰ੍ਹਾਂ ਸਵੱਛਤਾ ਹੀ ਸੇਵਾ 2024 ਨੇ ਸਵੱਛਤਾ ਨੂੰ ਆਦਤਾਂ, ਕਦਰਾਂ-ਕੀਮਤਾਂ, ਭਾਗੀਦਾਰੀ ਅਤੇ ਸਨਮਾਨ ਨਾਲ ਜੋੜਿਆ।



ਚਿੱਤਰ 14: ਸਵੱਛਤਾ ਸਹੁੰ ਚੁੱਕਦੀਆਂ ਮਹਿਲਾਵਾਂ

ਸਵੱਛਤਾ ਹੀ ਸੇਵਾ 2025: ਸਵੱਛਤਾ ਨੂੰ ਭਾਈਚਾਰਕ ਜਸ਼ਨਾਂ ਤੱਕ ਲੈ ਕੇ ਜਾਣਾ

ਸਵੱਛਤਾ ਹੀ ਸੇਵਾ 2025 ਨੇ 2024 ਦੇ ਵਿਵਹਾਰਕ ਕੇਂਦਰਿਤ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਇਆ। ਇਸ ਦਾ ਕੇਂਦਰੀ ਧਿਆਨ "ਸਵੱਛੋਤਸਵ" ਅਤੇ ਸਾਫ਼-ਸੁਥਰੇ ਤਿਉਹਾਰਾਂ ਦੀ ਭਾਵਨਾ 'ਤੇ ਸੀ। ਇਹ ਮੁਹਿੰਮ 17 ਸਤੰਬਰ ਤੋਂ 2 ਅਕਤੂਬਰ ਤੱਕ ਚੱਲੀ। ਸਵੱਛਉਤਸਵ ਦੇ ਕੇਂਦਰ ਵਿੱਚ ਇਸ ਦੇ ਪੰਜ ਮੁੱਖ ਥੰਮ੍ਹ ਸਨ। ਇਹ ਕੇਂਦਰਿਤ ਪਹਿਲਕਦਮੀਆਂ ਸਨ, ਜਿਨ੍ਹਾਂ ਨੇ ਲੋਕਾਂ, ਸਥਾਨਾਂ ਅਤੇ ਉਦੇਸ਼ ਨੂੰ ਇਕਜੁੱਟ ਕਰਕੇ ਸਾਫ਼-ਸੁਥਰੇ ਅਤੇ ਹਰਿਆ-ਭਰਿਆ ਭਾਰਤ ਬਣਾਉਣ ਦੇ ਦ੍ਰਿਸ਼ਟੀਕੋਣ ਨੂੰ ਜ਼ਮੀਨੀ ਕਾਰਵਾਈ ਵਿੱਚ ਬਦਲਿਆ।

ਸਵੱਛਤਾ ਹੀ ਸੇਵਾ 2025 ਦੇ ਪੰਜ ਥੰਮ੍ਹ ਸਨ:

* ਸਫ਼ਾਈ ਲਈ ਚੁਣੀਆਂ ਇਕਾਈਆਂ ਦਾ ਬਦਲਾਅ

* ਸਾਫ਼ ਜਨਤਕ ਸਥਾਨ

* ਸਫ਼ਾਈ ਮਿੱਤਰ ਸੁਰੱਖਿਆ ਸ਼ਿਵਿਰ

* ਸਾਫ਼-ਸੁਥਰੇ ਅਤੇ ਹਰਿਆਲੇ ਤਿਉਹਾਰ

* ਸਵੱਛਤਾ ਲਈ ਜਨ ਜਾਗਰੂਕਤਾ



ਚਿੱਤਰ 15: ਸਵੱਛਤਾ ਰੰਗੋਲੀ

ਮੁਹਿੰਮ ਤਹਿਤ 15.75 ਲੱਖ ਸਫ਼ਾਈ ਲਈ ਚੁਣੀਆਂ ਇਕਾਈਆਂ ਦੀ ਸਫ਼ਾਈ ਕੀਤੀ ਗਈ। ਇਨ੍ਹਾਂ ਗਤੀਵਿਧੀਆਂ ਵਿੱਚ 7.74 ਕਰੋੜ ਲੋਕਾਂ ਨੇ ਭਾਗ ਲਿਆ। ਮੁਹਿੰਮ ਤਹਿਤ 6.22 ਕਰੋੜ ਨਾਗਰਿਕਾਂ ਦੀ ਭਾਗੀਦਾਰੀ ਨਾਲ 5.89 ਲੱਖ ਜਨਤਕ ਸਥਾਨਾਂ ਦੀ ਵੀ ਸਫ਼ਾਈ ਕੀਤੀ ਗਈ। ਸਵੱਛਤਾ ਹੀ ਸੇਵਾ 2025 ਨੇ ਸਵੱਛਤਾ ਨੂੰ ਸੱਭਿਆਚਾਰਕ ਜਸ਼ਨਾਂ ਨਾਲ ਵੀ ਜੋੜਿਆ। ਭਾਈਚਾਰਿਆਂ ਨੂੰ ਤਿਉਹਾਰਾਂ ਦੌਰਾਨ ਟਿਕਾਊ ਤਰੀਕੇ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਤਹਿਤ 4.31 ਲੱਖ ਤੋਂ ਵੱਧ ਵਾਤਾਵਰਣ-ਅਨੁਕੂਲ ਪੰਡਾਲ, 3.18 ਲੱਖ ਤੋਂ ਵੱਧ ਤਿਉਹਾਰਾਂ ਤੋਂ ਬਾਅਦ ਦੀਆਂ ਸਫ਼ਾਈ ਗਤੀਵਿਧੀਆਂ ਅਤੇ 2.81 ਲੱਖ ਤੋਂ ਵੱਧ ਸਵੱਛਤਾ ਰੰਗੋਲੀਆਂ ਦਰਜ ਕੀਤੀਆਂ ਗਈਆਂ। ਇਸ ਪਹੁੰਚ ਨੇ ਸਵੱਛਤਾ ਨੂੰ ਭਾਈਚਾਰਕ ਜਸ਼ਨਾਂ ਦਾ ਹਿੱਸਾ ਬਣਾ ਦਿੱਤਾ।

ਮੁਹਿੰਮ ਤਹਿਤ ਸਫ਼ਾਈ ਮਿੱਤਰ ਸੁਰੱਖਿਆ ਸ਼ਿਵਿਰ ਦੀ ਪਹਿਲਕਦਮੀ ਵੀ ਜਾਰੀ ਰੱਖੀ ਗਈ। ਮੁਹਿੰਮ ਦੌਰਾਨ 2.71 ਲੱਖ ਤੋਂ ਵੱਧ ਸ਼ਿਵਿਰ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ 5.12 ਲੱਖ ਸਫ਼ਾਈ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਕਰਮਚਾਰੀਆਂ ਲਈ 1.63 ਲੱਖ ਰੋਕਥਾਮੀ ਸਿਹਤ ਜਾਂਚ ਕੈਂਪ ਆਯੋਜਿਤ ਕੀਤੇ ਗਏ ਅਤੇ 4.55 ਲੱਖ ਨਿੱਜੀ ਸੁਰੱਖਿਆ ਉਪਕਰਨ ਕਿੱਟਾਂ ਵੰਡੀਆਂ ਗਈਆਂ। ਕੁੱਲ ਮਿਲਾ ਕੇ, ਇਨ੍ਹਾਂ ਸ਼ਿਵਿਰਾਂ ਤੋਂ 81.51 ਲੱਖ ਲਾਭਪਾਤਰੀਆਂ ਨੂੰ ਲਾਭ ਮਿਲਿਆ।

ਕਈ ਜਨ ਜਾਗਰੂਕਤਾ ਗਤੀਵਿਧੀਆਂ ਨੇ ਮੁਹਿੰਮ ਦੀ ਭਾਈਚਾਰਕ ਪਹੁੰਚ ਨੂੰ ਹੋਰ ਵਿਸਥਾਰ ਦਿੱਤਾ। ਕੁੱਲ 29.02 ਲੱਖ ਸਮਾਗਮ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ 3.27 ਕਰੋੜ ਲੋਕਾਂ ਨੇ ਭਾਗ ਲਿਆ। ਆਯੋਜਿਤ ਕੀਤੀਆਂ ਗਈਆਂ ਕੁਝ ਗਤੀਵਿਧੀਆਂ ਹੇਠ ਲਿਖੀਆਂ ਹਨ:

* 4.09 ਲੱਖ ਸਵੱਛਤਾ ਰੈਲੀਆਂ
* 1.01 ਲੱਖ ਕੂੜੇ ਤੋਂ ਕਲਾ ਸਥਾਪਨਾਵਾਂ
* 2.47 ਲੱਖ ਸਵੱਛਤਾ ਮੁਕਾਬਲੇ
* 93,145 ਖੇਡ ਲੀਗਾਂ
* ਇਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ ਵਿਰੁੱਧ 3.64 ਲੱਖ ਮੁਹਿੰਮਾਂ
* ਘਰ-ਘਰ ਜਾਗਰੂਕਤਾ ਦੀਆਂ 15.94 ਲੱਖ ਗਤੀਵਿਧੀਆਂ
* 92,971 ਸਵੱਛ ਫੂਡ ਸਟ੍ਰੀਟਾਂ



ਚਿੱਤਰ 16: ਸਫ਼ਾਈ ਮੁਹਿੰਮ ਵਿੱਚ ਸਰਕਾਰੀ ਅਧਿਕਾਰੀ

ਕੁੱਲ ਮਿਲਾ ਕੇ, ਸਵੱਛਤਾ ਹੀ ਸੇਵਾ 2025 ਵਿੱਚ ਦੇਸ਼ ਭਰ ਵਿੱਚ 18.06 ਕਰੋੜ ਲੋਕਾਂ ਨੇ ਭਾਗ ਲਿਆ। ਇਸ ਤਰ੍ਹਾਂ ਸਵੱਛਤਾ ਹੀ ਸੇਵਾ 2025 ਨੇ ਸਵੱਛਤਾ ਨੂੰ ਸਫ਼ਾਈ ਗਤੀਵਿਧੀਆਂ ਤੋਂ ਅੱਗੇ ਵਧਾ ਕੇ ਭਾਈਚਾਰਕ ਜਸ਼ਨਾਂ ਅਤੇ ਟਿਕਾਊ ਤਰੀਕਿਆਂ ਤੱਕ ਪਹੁੰਚਾਇਆ।

ਸਿਰਫ਼ ਸਵੱਛਤਾ ਤੋਂ ਅੱਗੇ: ਰੋਜ਼ਾਨਾ ਵਿਵਹਾਰ ਨੂੰ ਸਰੂਪ ਦੇਣਾ

ਸਵੱਛਤਾ ਹੀ ਸੇਵਾ ਦੀ ਯਾਤਰਾ ਸਵੱਛਤਾ ਦੇ ਅਰਥ ਵਿੱਚ ਹੌਲੀ-ਹੌਲੀ ਹੋਏ ਵਿਸਥਾਰ ਨੂੰ ਦਰਸਾਉਂਦੀ ਹੈ। ਸ਼ੁਰੂਆਤੀ ਸੰਸਕਰਣਾਂ ਵਿੱਚ ਸਫ਼ਾਈ ਕਾਰਜਾਂ ਅਤੇ ਸਵੈ-ਸੇਵੀ ਭਾਵਨਾ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਬਾਅਦ ਦੇ ਸੰਸਕਰਣਾਂ ਵਿੱਚ ਪਲਾਸਟਿਕ ਕੂੜਾ, ਦਿੱਖ ਪੱਖੋਂ ਸਫ਼ਾਈ ਅਤੇ ਕੂੜਾ ਪ੍ਰਬੰਧਨ ਨੂੰ ਕੇਂਦਰ ਵਿੱਚ ਲਿਆਂਦਾ ਗਿਆ। ਇਹ ਬਦਲਾਅ 2023 ਤੋਂ ਹੋਰ ਸਪੱਸ਼ਟ ਹੋਇਆ। "ਕੂੜਾ-ਮੁਕਤ ਭਾਰਤ" ਨੇ ਜਨਤਕ ਸਥਾਨਾਂ ਅਤੇ ਕੂੜਾ ਪ੍ਰਬੰਧਨ ਵੱਲ ਧਿਆਨ ਵਧਾਇਆ। ਇਸ ਤੋਂ ਬਾਅਦ 2024 ਦੇ ਵਿਸ਼ੇ ਨੇ ਸਵੱਛਤਾ ਨੂੰ ਸਵਭਾਵ ਅਤੇ ਸੰਸਕਾਰ ਨਾਲ ਜੋੜਿਆ। 2025 ਵਿੱਚ "ਸਵੱਛਉਤਸਵ" ਨੇ ਸਵੱਛਤਾ ਨੂੰ ਤਿਉਹਾਰਾਂ ਅਤੇ ਭਾਈਚਾਰਕ ਜਸ਼ਨਾਂ ਦਾ ਹਿੱਸਾ ਬਣਾ ਦਿੱਤਾ।

2026 ਵਿੱਚ "ਸਵੱਛਤਾ ਵਿੱਚ ਸਹਿਭਾਗਾ" ਸਾਂਝੀ ਕਾਰਵਾਈ ਅਤੇ ਸਹਿਯੋਗ ਨੂੰ ਕੇਂਦਰ ਵਿੱਚ ਰੱਖਦਾ ਹੈ। ਇਹ ਮੁਹਿੰਮ ਭੌਤਿਕ ਸਥਾਨਾਂ ਦੀ ਸਫ਼ਾਈ ਤੋਂ ਅੱਗੇ ਵਧ ਕੇ ਨਿਰੰਤਰ ਵਿਵਹਾਰਕ ਬਦਲਾਅ ਨੂੰ ਉਤਸ਼ਾਹਿਤ ਕਰਨ, ਰੋਜ਼ਾਨਾ ਦੇ ਅਭਿਆਸਾਂ ਵਿੱਚ ਸਵੱਛਤਾ ਨੂੰ ਸ਼ਾਮਲ ਕਰਨ ਅਤੇ ਸਾਂਝੀ ਭਾਈਚਾਰਕ ਜ਼ੁੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਵੱਲ ਵਿਕਸਤ ਹੋਈ ਹੈ।

ਹਵਾਲੇ

ਜਲ ਸ਼ਕਤੀ ਮੰਤਰਾਲਾ

https://gobardhan.sbm.gov.in/

https://swachhatahiseva.gov.in/

https://sbmurban.org/campaign

https://swachhatahiseva.gov.in/daily-bulletin

https://swachhbharatmission.ddws.gov.in/about-us

https://sbm.gov.in/SBMGDashboard/StatesDashboard.aspx

https://sansad.in/getFile/loksabhaquestions/annex/16/AU2540.pdf?source=pqals

https://sansad.in/getFile/loksabhaquestions/annex/173/AU777.pdf?source=pqals

https://www.pib.gov.in/PressReleasePage.aspx?PRID=1964179&reg=48&lang=2

https://www.pib.gov.in/PressReleasePage.aspx?PRID=1881827&reg=48&lang=2

https://www.pib.gov.in/PressReleasePage.aspx?PRID=1859823&reg=48&lang=2

https://www.pib.gov.in/PressReleasePage.aspx?PRID=1755220&reg=48&lang=2

https://www.pib.gov.in/PressReleaseDetail.aspx?PRID=1503113&reg=6&lang=1

https://www.pib.gov.in/PressReleaseDetail.aspx?PRID=2311628&reg=48&lang=2

https://www.pib.gov.in/PressReleasePage.aspx?PRID=2191618&reg=3&lang=2

https://www.pib.gov.in/PressReleaseIframePage.aspx?PRID=1545203&reg=48&lang=2

https://www.pib.gov.in/PressReleaseIframePage.aspx?PRID=1584758&reg=48&lang=2

https://www.pib.gov.in/PressReleaseIframePage.aspx?PRID=1760608&reg=48&lang=2

https://www.pib.gov.in/PressReleaseIframePage.aspx?PRID=1760427&reg=48&lang=2

https://www.pib.gov.in/FeaturesDeatils.aspx?NoteId=150274&ModuleId=2&reg=48&lang=2

https://cdnbbsr.s3waas.gov.in/s3kv02c60549ede842a11ec07346b8928d/uploads/2024/09/20240920083-1.pdf

ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰਾਲਾ

https://sbmurban.org/swachh-bharat-mission-progress

https://www.pib.gov.in/PressReleasePage.aspx?PRID=1957683&reg=48&lang=2

https://www.pib.gov.in/PressReleaseIframePage.aspx?PRID=1960088&reg=48&lang=2

ਵਣਜ ਅਤੇ ਉਦਯੋਗ ਮੰਤਰਾਲਾ

https://www.ibef.org/blogs/swachh-bharat-mission-s-urban-and-gramin-success-what-s-driving-the-progress

ਪ੍ਰਧਾਨ ਮੰਤਰੀ ਦਫ਼ਤਰ

https://www.pib.gov.in/PressReleasePage.aspx?PRID=1546223&reg=48&lang=2

ਨਾਗਾਲੈਂਡ ਸਰਕਾਰ

https://ipr.nagaland.gov.in/swachhata-hi-seva-campaign-phek-district

ਪੀਆਈਬੀ ਪਿਛੋਕੜ ਸਮੱਗਰੀ

https://www.pib.gov.in/PressReleasePage.aspx?PRID=2191618&reg=3&lang=2

https://www.pib.gov.in/PressReleasePage.aspx?PRID=2170998&reg=48&lang=2

https://www.pib.gov.in/PressNoteDetails.aspx?NoteId=153227&ModuleId=3&reg=48&lang=2

ਰਾਸ਼ਟਰਪਤੀ ਸਕੱਤਰੇਤ

https://www.pib.gov.in/PressReleasePage.aspx?PRID=2145459&reg=48&lang=2

ਸੰਯੁਕਤ ਰਾਸ਼ਟਰ

https://www.unv.org/Success-stories/together-we-can-celebrating-shramdaan-spirit-volunteerism-india

ਪੀਡੀਐਫ ਦੇਖਣ ਲਈ ਇੱਥੇ ਕਲਿੱਕ ਕਰੋ

****

ਪੀਆਈਬੀ ਰਿਸਰਚ